# ਅਖਿਆਇ 5

# ਬਾਦਸ਼ਾਹ ਦੇ ਸਾਹਮਣੇ ਅਸਤਰ ਦੀ ਮਿੰਨਤ

ਯਹੂਦੀਆਂ ਦੀ ਫ਼ਤਹਿ ਦੀ ਕਹਾਣੀ ਅਧਿਆਇ 5 ਵਿਚ ਸ਼ੁਰੂ ਹੁੰਦੀ ਹੈ। ਯਹੂਦੀਆਂ ਵੱਲੋਂ ਬਾਦਸ਼ਾਹ ਅੱਗੇ ਸਿਫ਼ਾਰਸ਼ ਕਰਨ ਦੀ ਮਾਰਦਕਈ ਦੀ ਬੇਨਤੀ ਨੂੰ ਮੰਨਣ ਤੋਂ ਬਾਅਦ, ਇਸ ਤੋਂ ਬੇਖ਼ਬਰ ਕਿ ਉਹ ਜੀਉਂਦੀ ਰਹੇਗੀ ਜਾਂ ਮਰੇਗੀ, ਅਸਤਰ ਬਾਦਸ਼ਾਹ ਦੇ ਕੋਲ ਚਲੀ ਗਈ। ਬਾਦਸ਼ਾਹ ਨੇ ਆਪਣੀ ਹਜ਼ੂਰੀ ਵਿਚ ਉਸਦਾ ਸਵਾਗਤ ਕੀਤਾ ਅਤੇ ਉਸ ਨੇ ਉਸ ਨੂੰ ਅਤੇ ਹਾਮਾਨ ਨੂੰ ਅਗਲੇ ਦਿਨ ਦਾਅਵਤ ਦਾ ਸੱਦਾ ਦਿੱਤਾ। ਦਾਅਵਤ ਤੇ ਉਸ ਨੇ ਦੋਹਾਂ ਨੂੰ ਅਗਲੇ ਦਿਨ ਇਕ ਹੋਰ ਦਾਅਵਤ ਦਾ ਸੱਦਾ ਦਿੱਤਾ। ਹਾਮਾਨ ਘਮੰਡ ਨਾਲ ਭਰਿਆ ਮਲਕਾ ਦੀ ਦਾਅਵਤ ਤੋਂ ਚਲਿਆ ਗਿਆ, ਪਰ ਫੇਰ ਤੋਂ ਮਾਰਦਕਈ ਵੱਲੋਂ ਉਹਦਾ ਆਦਰ ਕਰਨ ਤੋਂ ਇਨਕਾਰ ਕਰਨ ਤੇ ਗੁੱਸੇ ਵਿਚ ਆ ਗਿਆ। ਘਰ ਵਾਪਸ ਪਰਤ ਕੇ ਹਾਮਾਨ ਦੇ ਆਪਣੀ ਪਤਨੀ ਅਤੇ ਦੋਸਤਾਂ ਨਾਲ ਆਪਣੀ ਕਾਮਯਾਬੀ ਦਾ ਜਸ਼ਨ ਮਨਾਇਆ, ਪਰ ਉਸ ਨੇ ਮਾਰਦਕਈ ਦੀ ਆਪਣੀ ਕੌੜੀ ਨਿਰਾਸ਼ਾ ਨੂੰ ਮੰਨਿਆ। ਜਵਾਬ ਵਿਚ ਉਨ੍ਹਾਂ ਨੇ ਉਸ ਨੂੰ ਇਕ ਸਲਾਹ ਦਿੱਤੀ ਕਿ ਇਕ ਸੂਲੀ ਬਣਾ ਕੇ ਮਾਰਦਕਈ ਨੂੰ ਉਸ ਉੱਤੇ ਟੰਗ ਦੇਵੇ। ਉਹ ਉਨ੍ਹਾਂ ਦੀ ਯੋਜਨਾ ਨਾਲ ਸਹਿਮ ਹੋ ਗਿਆ ਅਤੇ ਇਕ ਸੂਲੀ ਬਣਾ ਦਿੱਤੀ ਗਈ।

### ਬਾਦਸ਼ਾਹ ਦੇ ਕੋਲ ਅਸਤਰ ਦਾ ਸਫ਼ਲਤਾ ਨਾਲ ਜਾਣਾ (5:1-4)

**[1]ਤਾਂ ਐਉਂ ਹੋਇਆ ਕਿ ਤਿੱਜੇ ਦਿਨ ਅਸਤਰ ਸ਼ਾਹੀ ਪੁਸ਼ਾਕ ਪਾ ਕੇ ਪਾਤਸ਼ਾਹ ਦੇ ਮਹਿਲ ਦੇ ਅੰਦਰਲੇ ਵੇਹੜੇ ਵਿਚ ਦੀਵਾਨ ਖ਼ਾਨੇ ਦੇ ਅੱਗੇ ਜਾ ਖੜੋਤੀ ਅਤੇ ਪਾਤਸ਼ਾਹ ਆਪਣੇ ਸ਼ਾਹੀ ਮਹਿਲ ਵਿਚ ਆਪਣੀ ਰਾਜ ਗੱਦੀ ਉੱਤੇ ਮਹਿਲ ਦੇ ਬੂਹੇ ਦੇ ਸਾਹਮਣੇ ਬੈਠਾ ਸੀ [2]ਤਾਂ ਐਉਂ ਹੋਇਆ ਕਿ ਜਦ ਪਾਤਸ਼ਾਹ ਨੇ ਮਲਕਾ ਅਸਤਰ ਨੂੰ ਅੰਦਰਲੇ ਵੇਹੜੇ ਵਿਚ ਖੜੀ ਵੇਖਿਆ ਤਾਂ ਉਹ ਉਸ ਦੀ ਨਿਗਾਹ ਵਿਚ ਕਿਰਪਾ ਜੋਗ ਹੋਈ ਅਤੇ ਪਾਤਸ਼ਾਹ ਨੇ ਉਹ ਸੋਨੇ ਦਾ ਆਸਾ ਜਿਹੜਾ ਉਹ ਦੇ ਹੱਥ ਵਿਚ ਸੀ ਅਸਤਰ ਵੱਲ ਵਧਾਇਆ ਅਤੇ ਅਸਤਰ ਨੇ ਨੇੜੇ ਜਾ ਕੇ ਆਸੇ ਦੀ ਨੋਕ ਨੂੰ ਛੋਹਿਆ [3]ਤਦ ਪਾਤਸ਼ਾਹ ਨੇ ਉਸ ਨੂੰ ਆਖਿਆ, ਮਲਕਾ ਅਸਤਰ ! ਤੂੰ ਕੀ ਚਾਉਂਦੀ ਹੈਂ? ਤੇਰਾ ਕੀ ਪਰੋਜਨ ਹੈ? ਅੱਧੀ ਪਾਤਸ਼ਾਹੀ ਤੀਕ ਤੈਨੂੰ ਦਿੱਤੀ ਜਾਵੇਗੀ [4]ਅਸਤਰ ਨੇ ਆਖਿਆ, ਜੇ ਇਹ ਗੱਲ ਪਾਤਸ਼ਾਹ ਨੂੰ ਚੰਗੀ ਜਾਪੇ ਤਾਂ ਪਾਤਸ਼ਾਹ ਅਰ ਹਾਮਾਨ ਅੱਜ ਦੇ ਦਿਨ ਪਰਸ਼ਾਦ ਛਕਣ ਲਈ ਜਿਹੜਾ ਮੈਂ ਆਪ ਦੇ ਲਈ ਤਿਆਰ ਕੀਤਾ ਹੈ ਆਉਣ।**

ਮਾਰਦਕਈ ਨੂੰ ਦਿੱਤੇ ਗਏ ਵਾਅਦੇ ਮੁਤਾਬਕ, ਅਸਤਰ ਆਪਣੇ ਲੋਕਾਂ ਦੀ ਮਦਦ ਮੰਗਣ ਲਈ ਬਾਦਸ਼ਾਹ ਦੀ ਹਜ਼ੂਰੀ ਵਿਚ ਚਲੀ ਗਈ।

**ਆਇਤ 1. ਅਸਤਰ** ਨੇ ਮਾਰਦਕਈ ਨੂੰ ਆਖਿਆ ਕਿ ਯਹੂਦੀ ਲੋਕ ਸ਼ੂਸ਼ਨ ਵਿਚ ਤਿੰਨ ਦਿਨਾਂ ਤਕ ਉਹਦੇ ਵੱਲੋਂ ਰੋਜ਼ਾ ਰੱਖਣ, ਜਦ ਕਿ ਉਸ ਨੇ ਅਤੇ ਉਸ ਦੀਆਂ ''ਸਹੇਲੀਆਂ'' ਨੇ ਵੀ ਇਵੇਂ ਹੀ ਕੀਤਾ (4:16)। ਇਸ ਕਰਕੇ **ਤੀਜੇ ਦਿਨ** ਵਾਕ ਅੰਸ਼ ਦਾ ਅਰਥ ਹੈ ''ਜਦ ਰੋਜ਼ਾ ਪੂਰਾ ਹੋ ਗਿਆ।''[1]

ਸੀ. ਐੱਫ਼. ਕੇਲ ਨੇ ਹਿਸਾਬ ਲਾਇਆ ਕਿ ਰੋਜ਼ਾ ''ਪਹਿਲੇ ਦਿਨ ਦੀ ਦੁਪਹਿਰ ਤੋਂ ਤੀਜੇ ਦਿਨ ਦੀ ਦੁਪਹਿਰ ਤੋਂ ਪਹਿਲਾਂ ਤਕ, ਭਾਵ 40 ਤੋਂ 45 ਘੰਟੇ'' ਤਕ ਚੱਲਿਆ।[2]

ਰੋਜ਼ੇ ਦੇ ਅਖ਼ੀਰ ਵਿਚ, ਅਸਤਰ ਨੇ **ਸ਼ਾਹੀ ਪੁਸ਼ਾਕ ਪਾ** ਲਈ। ਉਸ ਨੇ ਰੋਜ਼ਾ ਰੱਖ ਕੇ ਬਾਦਸ਼ਾਹ ਨਾਲ ਆਪਣੀ ਮੁਲਾਕਾਤ ਲਈ ਆਪਣੇ ਆਪ ਨੂੰ ਰੂਹਾਨੀ ਤੌਰ ਤੇ ਤਿਆਰ ਕੀਤਾ (ਅਤੇ ਸ਼ਾਇਦ ਦੁਆ ਕਰਕੇ); ਹੁਣ ਉਹ ਨੇ ਆਪਣੇ ਆਪ ਨੂੰ ਵੱਧ ਤੋਂ ਵੱਧ ਚੰਗੀ ਬਣਾ ਕੇ ਸਰੀਰਕ ਤੌਰ ਤੇ ਤਿਆਰ ਕੀਤਾ।[3] ''ਸ਼ਾਹੀ ਪੁਸ਼ਾਕ'' ਪਾਉਣ ਦਾ ਮਤਲਬ ਸੰਭਵ ਤੌਰ ਤੇ ਇਹ ਹੈ ਕਿ ਉਹ ਨੇ ਸ਼ਾਹਾਨਾ ਅਤੇ ਦਿਲਕਸ਼ ਨਜ਼ਰ ਆਉਣ ਲਈ ਜੋ ਵੀ ਕਰ ਸਕਦੀ ਸੀ ਉਹ ਸਭ ਕੀਤਾ। ''ਸ਼ਾਹੀ ਪੁਸ਼ਾਕ'' (*malkuth*, *ਮਲਕੂਥ*) ਵਿਚ ''ਸ਼ਾਹਾਨਾ'' ਹੈ, ਪਰ ਵਾਕ ਵਿਚ ਕਿਰਿਆ ਸ਼ਬਦ (*labash*, *ਲਾਬਾਸ਼*) ਲਿਬਾਸ ਪਾਏ ਜਾਣ ਦਾ ਸੰਕੇਤ ਦਿੰਦਾ ਹੈ। ਅਸਤਰ ਬਾਦਸ਼ਾਹ ਦੇ ਸਾਹਮਣੇ ਆਪਣੀ ''ਸ਼ਾਹਾਨਾ'' ਭੂਮਿਕਾ ਵਿਚ ਭਾਵ ਫ਼ਾਰਸ ਦੀ ਮਲਕਾ ਦੇ ਤੌਰ ਤੇ ਨਜ਼ਰ ਆਉਣਾ ਚਾਹੁੰਦੀ ਸੀ।

**ਅਸਤਰ ਪਾਤਸ਼ਾਹ ਦੇ ਮਹਿਲ ਦੇ ਅੰਦਰਲੇ ਵੇਹੜੇ ਵਿਚ** ''ਦਰਬਾਰ ਦੇ ਸਾਹਮਣੇ'' (TEV) ਚੱਲ ਕੇ ਗਈ। **ਪਾਤਸ਼ਾਹ ਆਪਣੇ ਸ਼ਾਹੀ ਮਹਿਲ ਵਿਚ ਆਪਣੀ ਰਾਜ ਗੱਦੀ ਉੱਤੇ ਮਹਿਲ ਦੇ ਬੂਹੇ ਦੇ ਸਾਹਮਣੇ ਬੈਠਾ ਸੀ।**[4] ਜ਼ਾਹਿਰ ਹੈ ਕਿ ਬਾਦਸ਼ਾਹ ਮਹਿਲ ਦੇ ਅਹਾਤੇ ਦੇ ਇਕ ਹਿੱਸੇ ਵਿਚ ਰਹਿੰਦਾ ਅਤੇ ਆਪਣਾ ਕੰਮਕਾਜ ਕਰਦਾ ਸੀ ਜਿਹੜਾ ਸਿਰਫ਼ ਓਸੇ ਦੀ ਵਰਤੋਂ ਲਈ ਬਣਾਇਆ ਗਿਆ ਸੀ।

**ਆਇਤ 2.** ਵਿਰਤਾਂਤ ਵਿਚ ਇਹ ਦੱਸਿਆ ਜਾਣਾ ਕਿ **ਪਾਤਸ਼ਾਹ ਨੇ ਮਲਕਾ ਅਸਤਰ ਨੂੰ ਅੰਦਰਲੇ ਵੇਹੜੇ ਵਿਚ ਖੜੀ ਵੇਖਿਆ** ਸ਼ੱਕ ਪੈਦਾ ਕਰਦਾ ਹੈ। ਸਚਿਆਈ ਦਾ ਪਲ ਆ ਚੁੱਕਾ ਸੀ ਭਾਵ ਜਾਂ ਤਾਂ ਬਾਦਸ਼ਾਹ ਨੇ ਅਸਤਰ ਦੀ ਜਾਨ ਬਖ਼ਸ਼ ਦੇਣੀ ਸੀ ਜਾਂ ਉਸ ਨੂੰ ਮਾਰ ਸੁੱਟਣਾ ਸੀ। ਲੇਖਕ ਨੇ ਇਨ੍ਹਾਂ ਸਰਲ ਸ਼ਬਦਾਂ ਨਾਲ ਬਾਦਸ਼ਾਹ ਦੇ ਫ਼ੈਸਲੇ ਦੀ ਗੱਲ ਲਿਖੀ: **ਉਹ ਉਸ ਦੀ ਨਿਗਾਹ ਵਿਚ ਕਿਰਪਾ ਜੋਗ ਹੋਈ।**[5]

ਲੇਖਕ ਨੇ ਇਹ ਨਹੀਂ ਦੱਸਿਆ ਕਿ ਬਾਦਸ਼ਾਹ ਦੀ ਨਜ਼ਰ ਵਿਚ ਅਸਤਰ ''ਕਿਰਪਾ'' ਜੋਗ ਕਿਉਂ ਠਹਿਰੀ। ਹੋ ਸਕਦਾ ਹੈ ਕਿ ਮਲਕਾ ਅਸਤਰ ਨੂੰ ਆਪਣੀ ''ਸ਼ਾਹੀ ਪੁਸ਼ਾਕ'' ਵਿਚ ਵੇਖਣ ਨਾਲ ਉਹਦਾ ਮਨ ਚੰਗੇ ਦਿਨਾਂ ਦੀ ਯਾਦ ਨਾਲ ਉਤੇਜਿਤ ਹੋ ਗਿਆ।[6] ਜਾਂ ਉਹ ਨੂੰ ਨਜ਼ਰਅੰਦਾਜ਼ ਕਰਨ ਲਈ ਉਹਦੇ ਅੰਤਹਕਰਣ ਵਿਚ ਟੀਸ ਹੋਈ। ਸ਼ਾਇਦ ਉਹ ਦੂਰ ਦੇ ਕਿਸੇ ਸੂਬੇ ਤੋਂ ਚੰਗੀ ਖ਼ਬਰ ਮਿਲਣ ਤੇ ਖੁਸ਼ ਹੋਇਆ ਮਜ਼ੇਦਾਰ ਲੰਚ ਦਾ ਅਨੰਦ ਲੈ ਰਿਹਾ ਸੀ। ਇਕ ਗੱਲ ਦਾ, ਵਿਸ਼ਵਾਸੀ ਇਹ ਯਕੀਨ ਕਰ ਸਕਦਾ ਹੈ ਕਿ ਉਹਨੇ ਭਾਵੇਂ ਜਿਵੇਂ ਵੀ ਕੀਤਾ, ਪਰ ਖ਼ੁਦਾ ਨੇ ਆਦਮੀ ਨੂੰ ਅਤੇ ਉਸ ਪਲ ਨੂੰ ਤਿਆਰ ਕੀਤਾ ਤਾਂ ਜੋ ਉਹ ਅਸਤਰ ਦਾ ਸਵਾਗਤ ਕਰਕੇ ਖੁਸ਼ ਹੋਵੇ। ਮਾਰਕ ਮੈਂਗੇਨੋ ਨੇ ਕਹਾਉਤਾਂ 21:1 ਦਾ ਹਵਾਲਾ ਦਿੱਤਾ ਕਿ ''ਪਾਤਸ਼ਾਹ ਦਾ ਮਨ ਯਹੋਵਾਹ ਦੇ ਹੱਥ ਵਿਚ ਪਾਣੀ ਦੀਆਂ ਖਾਲਾਂ ਵਾਂਗੂ ਹੈ, ਉਹ ਜਿੱਧਰ ਚਾਹੁੰਦਾ ਹੈ ਉਹ ਨੂੰ ਮੋੜਦਾ ਹੈ,'' ਅਤੇ ਸੁਝਾਅ ਦਿੱਤਾ ਕਿ ਬਾਦਸ਼ਾਹ ਦਾ ਮਨ ''ਰੱਬੀ ਉਕਸਾਵੇ ਨਾਲ'' ਬਦਲ ਦਿੱਤਾ ਗਿਆ ਹਵੇਗਾ।[7]

**ਪਾਤਸ਼ਾਹ ਨੇ ਉਹ ਸੋਨੇ ਦਾ ਆਸਾ ਜਿਹੜਾ ਉਹ ਦੇ ਹੱਥ ਵਿਚ ਸੀ ਅਸਤਰ ਵੱਲ ਵਧਾਇਆ ਅਤੇ** ਉਸ **ਨੇ ਨੇੜੇ ਜਾ ਕੇ ਆਸੇ ਦੀ ਨੋਕ ਨੂੰ ਛੋਹਿਆ।** ਫ਼ਾਰਸੀ ਨੱਕਾਸ਼ੀ ਵਿਚ ''ਬਾਦਸ਼ਾਹ ਨੂੰ'' ਆਸਾ ਫੜ੍ਹੀ'' ਵਿਖਾਇਆ ਗਿਆ ਹੈ ''ਜੋ ਉਹਦੇ ਕੱਦ ਜਿੰਨੀ ਇਕ ਸਿਰੇ ਤੇ ਮੁੱਠੇ ਵਾਲੀ ਪਤਲੀ ਛੜੀ ਹੁੰਦੀ ਹੈ।''[8] ਅਹਸ਼ਵੇਰੋਸ਼ ਵੱਲੋਂ ਆਪਣੇ ਆਸੇ ਨੂੰ ਵਧਾਉਣ ਨਾਲ, ਅਸਤਰ ਦੀ ਜਾਨ ਬਖ਼ਸ਼ ਦਿੱਤੀ ਗਈ; ਉਹ ਦੀ ਯੋਜਨਾ ਦਾ ਪਹਿਲਾ ਹਿੱਸਾ ਕਾਮਯਾਬ ਰਿਹਾ ਸੀ।

**ਆਇਤ 3.** ਜ਼ਾਹਿਰ ਤੌਰ ਤੇ **ਪਾਤਸ਼ਾਹ** ਨੂੰ ਸਮਝ ਆ ਗਿਆ ਸੀ ਕਿ **ਅਸਤਰ** ਕਿਸੇ ਵੱਡੀ ਮੁਸੀਬਤ ਵਿਚ ਹੈ। ਨਹੀਂ ਤਾਂ ਉਹਨੇ ਉਹਦੇ ਸਾਹਮਣੇ ਆਣ ਕੇ ਆਪਣੀ ਜਾਨ ਨੂੰ ਜੋਖਿਮ ਨਹੀਂ ਪਾਉਣਾ ਸੀ। ਉਸ ਦੇ ਚੰਗੇ ਮੂਡ ਦਾ ਪਤਾ ਹਾਲ ਵਿਚ ਨਜ਼ਰਅੰਦਾਜ਼ ਕੀਤੀ ਗਈ ਆਪਣੀ ਰਾਣੀ ਨੂੰ ਕਹੇ ਗਏ ਓਸਦੇ ਸ਼ਬਦਾਂ ਵਿਚ ਲਗਦਾ ਹੈ। ਉਸ ਨੇ ਪੁੱਛਿਆ, **ਤੂੰ ਕੀ ਚਾਹੁੰਦੀ ਹੈ?** ਇਸ ਸਵਾਲ ਦਾ ਮੂਲ

ਅਨੁਵਾਦ ਇਹ ਹੋ ਸਕਦਾ ਹੈ ਕਿ ''ਤੇਰੇ ਕੋਲ ਕੀ ਹੈ?''[9]

ਇਹ ਮੁਹਾਵਰਾ ਪੰਜਾਬੀ ਅਭਿਵਿਅਕਤੀ ਵਰਗਾ ਹੈ ਕਿ ''ਮਾਜਰਾ ਕੀ ਹੈ?'' ਬਾਦਸ਼ਾਹ ਨੇ ਇਹ ਵੀ ਪੁੱਛਿਆ, **ਤੇਰਾ ਕੀ ਪਰੋਜਨ ਹੈ?** ਅਤਕਥਨੀ ਦੀ ਵਰਤੋਂ ਕਰਦਿਆਂ ਉਸ ਨੇ **ਅੱਧੀ ਪਾਤਸ਼ਾਹੀ** ਤੀਕ, ਮਲਕਾ ਨੂੰ ਦੇਣ ਦਾ ਵਾਅਦਾ ਕਰ ਦਿੱਤਾ। ਹੋ ਸਕਦਾ ਹੈ ਕਿ ਉਹਦੇ ਕਹਿਣ ਦਾ ਮਤਲਬ ਇਹ ਨਾ ਹੋਵੇ ਕਿ ਉਹਦੀ ਖੁੱਲ੍ਹਦਿਲੀ ਵਾਲੀ ਪੇਸ਼ਕਸ਼ ਨੂੰ ਗੰਭੀਰਤਾ ਨਾਲ ਲੈ ਲਵੇ। ਹੌਇਸ ਈ. ਬਾਲਡਵਿਨ ਨੇ ਦਲੀਲ ਦਿੱਤੀ ਕਿ ਇੱਥੇ ਇਸ ਦਾ ਦਿੱਤਾ ਜਾਣਾ ਅਤੇ ਬਾਅਦ ਵਿਚ ਇਸ ਨੂੰ ਦੁਹਰਾਇਆ ਜਾਣਾ (5:6 ਅਤੇ 7:2 ਵਿਚ) ਸੁਝਾਅ ਦਿੰਦਾ ਹੈ ਕਿ ਇਹ ਇਕ ''ਰੀਤਵਾਦੀ ਵਾਕ ਅੰਸ਼'' ਸੀ ਅਤੇ ਇਸ ਕਰਕੇ ਇਹ ਦਾ ਸ਼ਬਦੀ ਅਰਥ ਨਹੀਂ ਲਿਆ ਜਾਣਾ ਚਾਹੀਦਾ।[10] ਮਰਕੁਸ 6:23 ਵਿਚ ਇਕ ਅਜਿਹੀ ਹੀ ਪੇਸ਼ਕਸ਼ ਵਿਚ ਯੂਹੰਨਾ ਬਪਤਿਸਮਾ ਦੇਣ ਵਾਲੇ ਲਈ ਤਬਾਹਕੁਨ ਨਤੀਜੇ ਨਿੱਕਲੇ ਸਨ।

**ਆਇਤ 4. ਅਸਤਰ** ਦੀ ਸਿਰਫ਼ ਇੱਕੋ ਬੇਨਤੀ ਸੀ: **ਜੇ ਇਹ ਗੱਲ ਪਾਤਸ਼ਾਹ ਨੂੰ ਚੰਗੀ ਜਾਪੇ ਤਾਂ ਪਾਤਸ਼ਾਹ ਅਰ ਹਾਮਾਨ ਅੱਜ ਦੇ ਦਿਨ ਪਰਸ਼ਾਦ ਛਕਣ ਲਈ ਜਿਹੜਾ ਮੈਂ ਆਪ ਦੇ ਲਈ ਤਿਆਰ ਕੀਤਾ ਹੈ ਆਉਣ।** ਦਾਅਵਤ ''ਆਪ ਦੇ'' (ਇਕਵਚਨ) ਭਾਵ ਬਾਦਸ਼ਾਹ ਲਈ ਤਿਆਰ ਕੀਤੀ ਗਈ। ਹਾਮਾਨ ਨੂੰ ਵੀ ਸੱਦਿਆ ਗਿਆ ਸੀ, ਪਰ ਸੱਦੇ ਵਿਚ ਮੁੱਖ ਮਹਿਮਾਨ ਬਾਦਸ਼ਾਹ ਹੀ ਸੀ। ਇਹ ਸਾਫ਼ ਤੌਰ ਤੇ ਬਾਦਸ਼ਾਹ ਨੂੰ ਸੱਦਾ ਸੀ ਅਤੇ ਹਾਮਾਨ ਨੂੰ ਵਿਚ ਸ਼ਾਮਿਲ ਕਰਨਾ ਬਾਅਦ ਵਿਚ ਆਇਆ ਵਿਚਾਰ ਲਗਦਾ ਹੈ। ਮੂਲ ਵਿਚ, ਇਬਰਾਨੀ ਭਾਸ਼ਾ ਵਿਚ ਇਹ ਸੱਦਾ ਇਵੇਂ ਹੈ, ''ਬਾਦਸ਼ਾਹ ਆਵੇ ਅਤੇ ਹਾਮਾਨ ਉਸ ਦਾਅਵਤ ਲਈ ਜਿਹੜੀ ਅੱਜ ਮੈਂ ਆਪ ਦੇ ਲਈ ਤਿਆਰ ਕੀਤੀ ਹੈ।''[11]

ਸਾਫ਼ ਹੈ ਕਿ ਅਸਤਰ ਪੂਰੇ ਤਿੰਨ ਦਿਨਾਂ ਤੋਂ ਰੋਜ਼ਾ ਰੱਖਣ ਅਤੇ ਦੁਆ ਕਰਨ ਤੋਂ ਇਲਾਵਾ ਹੋਰ ਵੀ ਕੁਝ ਕਰ ਰਹੀ ਸੀ। ਇਹ ਫ਼ੈਸਲਾ ਕਰਦੀ ਹੋਈ ਕਿ ਯਹੂਦੀਆਂ ਨੂੰ ਬਚਾਉਣ ਲਈ ਉਹ ਕੀ ਕਰੇਗੀ, ਉਹ ਆਪਣੀ ਯੋਜਣਾ ਬਣਾ ਰਹੀ ਸੀ। ਉਸ ਨੂੰ ਪਤਾ ਸੀ ਕਿ ਵਧੀਆ ਖਾਣਾ ਖੁਆਉਣਾ ਪਤੀ ਦੀ ਮੰਜ਼ੂਰੀ ਲੈਣ ਦਾ ਅਤੇ ਉਸ ਤੋਂ ਆਪਣੀ ਗੱਲ ਮਨਵਾਉਣ ਦਾ ਪ੍ਰਭਾਵਸ਼ਾਲੀ ਤਰੀਕਾ ਸੀ। ਯੋਜਨਾ ਵਿਚ ਦੋ ਦਾਅਵਤਾਂ ਸ਼ਾਮਿਲ ਸਨ। ਪਹਿਲੀ ਦਾਅਵਤ ਬਾਦਸ਼ਾਹ ਦੇ ਲਗਾਅ ਨੂੰ ਮਜ਼ਬੂਤ ਬਣਾਉਣ ਲਈ (ਅਤੇ ਹਾਮਾਨ ਦੇ ਮਨ ਵਿਚ ਇਹ ਪਾ ਕੇ ਕਿ ਉਹ ਉਹਦੀ ਸ਼ੁਕਰਗੁਜ਼ਾਰ ਹੈ, ਉਸ ਨੂੰ ਬੇਪਤ ਕਰਨ ਲਈ) ਅਤੇ ਦੂਜੀ ਦਾਅਵਤ ਆਪਣੇ ਲੋਕਾਂ ਨੂੰ ਬਚਾਉਣ ਲਈ ਬਾਦਸ਼ਾਹ ਦੀ ਮਦਦ ਲੈਣ ਦੀ ਬੇਨਤੀ ਕਰਨ ਅਤੇ ਹਾਮਾਨ ਦਾ ਸਾਹਮਣਾ ਕਰਨ ਲਈ। ਇਹ ਯਕੀਨੀ ਬਣਾਉਣ ਲਈ ਕਿ ਹਾਮਾਨ ਦੇ ਖ਼ਿਲਾਫ਼ ਬਣਾਈ ਗਈ ਉਹਦੀ ਯੋਜਨਾ ਮੁਤਾਬਕ ਇਲਜ਼ਾਮ ਤੋਂ ਇਨਕਾਰ ਕਰਨ ਦਾ ਮੌਕਾ ਨਾ ਮਿਲੇ, ਅਸਤਰ ਲਈ ਜ਼ਰੂਰੀ ਸੀ ਕਿ ਹਾਮਾਨ ਬਾਦਸ਼ਾਹ ਦੇ ਸਾਹਮਣੇ ਹੋਵੇ। ਪਹਿਲੀ ਦਾਅਵਤ ਅਸਤਰ ਵੱਲੋਂ ਬਾਦਸ਼ਸਾਹ ਨੂੰ ਆਪਣੇ ਨਾਲ ਖਾਣਾ ਖਾਣ ਲਈ ਸੱਦਾ ਦਿੱਤੇ ਜਾਣ ਵੇਲੇ ਪਹਿਲਾਂ ਹੀ ਤਿਆਰ ਕਰ ਲਈ ਹੋਵੇ ਸੀ।

ਬਾਬਲ ਦੇ ਟਾਲਮੁਡ ਵਿਚ ਅਸਤਰ ਦੇ ਦਾਅਵਤ ਤੇ ਹਾਮਾਨ ਨੂੰ ਸੱਦੇ ਜਾਣ ਦੇ ਮਕਸਦਾਂ ਉੱਤੇ ਚਰਚਾ ਕੀਤੀ ਗਈ ਹੈ। ਬਹੁਤ ਸਾਰੇ ਸੁਝਾਵਾਂ ਵਿਚ, ਇਹ ਚਾਰ ਵਿਆਖਿਆਵਾਂ ਵਿਚਾਰ ਕੀਤੇ ਜਾਣ ਯੋਗ ਹਨ: (1) ਉਹ ਹਾਮਾਨ ਲਈ ਜਾਲ ਵਿਛਾ ਰਹੀ ਸੀ (ਰੱਬੀ ਏਲਿਏਜ਼ਰ); (2) ਉਹ ਚਾਹੁੰਦੀ ਸੀ ਕਿ ਜਦ ਉਹ ਉਸ ਉੱਤੇ ਇਲਜ਼ਾਮ ਲਾਵੇ ਤਾਂ ਉਹ ਉੱਥੇ ਮੌਜੂਦ ਹੋਵੇ (ਰੱਬੀ ਜੋਸ); (3) ਉਹ ਨਹੀਂ ਚਾਹੁੰਦੀ ਸੀ ਕਿ ਉਸ ਨੂੰ ਸਾਜ਼ਸ਼ ਰਚ ਕੇ ਬਗ਼ਾਵਤ ਕਰਨ ਦਾ ਮੌਕਾ ਮਿਲੇ (ਰੱਬੀ ਮੇਰ); ਅਤੇ (4) ਉਹ ਅਹਸ਼ਵੇਰੋਸ਼ ਨੂੰ ਜੋ ਇਕ ਅਨੇਮਾ ਬਾਦਸ਼ਾਹ ਸੀ, ਆਪਣਾ ਮਨ ਬਦਲਣ ਤੋਂ ਸਮਾਂ ਮਿਲਣ ਵਿਚ ਰੋਕਣਾ ਚਾਹੁੰਦੀ ਸੀ (ਰੱਬਾਨ ਗਮਲੀਏਲ)।[12] ਮਾਈਕਲ ਵੀ. ਫ਼ੌਕਸ ਨੇ ਹੈ ਕਿਹਾ ਕਿ ''ਅਸਤਰ ਦਾ ਜਾਣ-ਬੁੱਝ ਕੇ ਹਾਮਾਨ ਨੂੰ ਸ਼ਾਮਿਲ ਕਰਨਾ ਇਹ ਵਿਖਾਉਂਦਾ ਹੈ ਕਿ ਯੋਜਨਾ ਬਾਖ਼ੂਬੀ ਤਿਆਰ ਹੈ। ਉਸ ਨੂੰ ਇਸ ਗੱਲ ਦਾ ਪਤਾ ਹੈ ਕਿ ਉਹਦੇ ਲਈ ਉਹ ਨੂੰ ਫੌਰੀ ਤੌਰ ਤੇ ਹਰਾਉਣਾ ਜ਼ਰੂਰੀ ਹੈ ਅਤੇ

ਯਕੀਨਨ ਹੀ ਉਹਦੀ ਪਿੱਠ ਪਿੱਛੇ ਬਾਦਸ਼ਾਹ (ਅਤੇ ਹੋਰਨਾਂ) ਨਾਲ ਗੱਲਬਾਤ ਕਰਨ ਤੋਂ ਰੋਕਣਾ ਜ਼ਰੂਰੀ ਹੈ।''[13] ਇਹ ਯੋਜਨਾਵਾਂ ''ਅਸਤਰ ਦੇ ਇਕ ਚੌਕਸ ਅਤੇ ਪ੍ਰਤਿਭਾਸ਼ਾਲੀ ਨੀਤੀ ਬਣਾਉਣ ਵਾਲੀ ਦੇ ਰੂਪ ਵਿਚ ਉੱਭਰਦੇ ਕਿਰਦਾਰ ਨਾਲ ਮੇਲ ਖਾਂਦੀਆਂ ਹਨ।''[14]

ਬਾਦਸ਼ਾਹ ਨੇ ਐਨੀ ਵੱਡੀ ਪੇਸ਼ਕਸ਼ ਕਰ ਦਿੱਤੀ, ਤਾਂ ਫਿਰ ਅਸਤਰ ਨੇ ਓਸੇ ਵੇਲੇ ਯਹੂਦੀਆਂ ਨੂੰ ਬਖ਼ਸ਼ ਦੇਣ ਲਈ ਕਿਉਂ ਨਹੀਂ ਆਖਿਆ? ਬਹੁਤੀ ਸੰਭਾਵਨਾ ਇਹ ਹੈ ਕਿ ਅਸਤਰ ਨੇ ਆਪਣੀਆਂ ਯੋਜਨਾਵਾਂ ਪਹਿਲਾਂ ਹੀ ਬਣਾ ਲਈਆਂ ਸਨ; ਉਸ ਨੂੰ ਪਤਾ ਸੀ ਕਿ ਉਹ ਕੀ ਕਰ ਰਹੀ ਹੈ ਅਤੇ ਉਸ ਨੂੰ ਆਪਣੀ ਯੋਜਨਾ ਵਿਚ ਪੂਰਾ ਯਕੀਨ ਸੀ। ਨਾਲੇ ਉਹਨੂੰ ਇਹ ਪਤਾ ਹੋਵੇਗਾ ਕਿ ਆਪਣੀ ''ਅੱਧੀ ਪਾਤਸ਼ਾਹੀ'' ਦੇਣ ਦਾ ਬਾਦਸ਼ਾਹ ਦਾ ਵਾਅਦਾ ਅਸਾਨੀ ਨਾਲ ਤੋੜਿਆ ਜਾ ਸਕਦਾ ਹੈ। ਉਹਦੇ ਵੱਲੋਂ ਵਰਤੀ ਗਈ ਇਹ ਅਭਿਵਿਅਕਤੀ ਇਕ ਸਨਕ ਸੀ, ਭਾਵ ਪਲ ਦੋ ਪਲ ਰਹਿਣ ਵਾਲਾ ਝੁਕਾਅ ਸੀ ਜਿਹੜਾ ਜਿਵੇਂ ਆਇਆ ਉਵੇਂ ਹੀ ਚਲਿਆ ਜਾ ਸਕਦਾ ਸੀ, ਖ਼ਾਸ ਕਰਕੇ ਜੇ ਉਹਨੂੰ ਦੂਜਿਆਂ ਤੋਂ ਇਹ ਪੁੱਛਣ ਦਾ ਮੌਕਾ ਮਿਲ ਜਾਂਦਾ ਕਿ ਉਹ ਉਹਦੀ ਬੇਨਤੀ ਦਾ ਕੀ ਕਰੇ। ਉਹ ਚਾਹੁੰਦੀ ਸੀ ਕਿ ਉਹਦੀ ਬੇਨਤੀ ਨੂੰ ਮੰਨਣ ਦਾ ਉਹਦਾ ਵਾਅਦਾ ਵਧੇਰੇ ਠੋਸ ਅਧਾਰ ਤੇ ਹੋਵੇ। ਉਹਨੂੰ ਪਤਾ ਸੀ ਕਿ ਉਹਦੇ ਫ਼ੈਸਲੇ ਨੂੰ ਪੱਕਾ ਕਰਨ ਤੋਂ ਪਹਿਲਾਂ ਕਈ ਵਾਰ ''ਹਾਂ'' ਕਹਿਣਾ ਜ਼ਰੂਰੀ ਸੀ।

## ਅਸਤਰ ਦੀ ਪਹਿਲੀ ਦਾਅਵਤ (5:5-8)

**[5]ਤਦ ਪਾਤਸ਼ਾਹ ਨੇ ਆਖਿਆ, ਹਾਮਾਨ ਨੂੰ ਸ਼ਤਾਬੀ ਤਿਆਰ ਕਰੋ ਭਈ ਅਸੀਂ ਅਸਤਰ ਦੇ ਆਖੇ ਦੇ ਅਨੁਸਾਰ ਕਰੀਏ। ਸੋ ਪਾਤਸ਼ਾਹ ਅਰ ਹਾਮਾਨ ਪਰਸ਼ਾਦ ਛਕਣ ਲਈ ਜਿਹੜਾ ਅਸਤਰ ਨੇ ਤਿਆਰ ਕੀਤਾ ਸੀ ਆਏ [6]ਤਾਂ ਪਾਤਸ਼ਾਹ ਨੇ ਮਧ ਪੀਣ ਦੇ ਵੇਲੇ ਅਸਤਰ ਨੂੰ ਆਖਿਆ, ਤੇਰੀ ਕੀ ਅਰਜ਼ ਹੈ? ਉਹ ਤੈਨੂੰ ਦਿੱਤੀ ਜਾਵੇਗੀ ਅਰ ਤੇਰੀ ਕੀ ਭਾਉਣੀ ਹੈ? ਅੱਧੀ ਪਾਤਸ਼ਾਹੀ ਤੀਕ ਪੂਰੀ ਕੀਤੀ ਜਾਵੇਗੀ ! [7]ਅਸਤਰ ਨੇ ਉੱਤਰ ਦੇ ਕੇ ਆਖਿਆ, ਮੇਰੀ ਅਰਜ਼ ਅਤੇ ਮੇਰੀ ਭਾਉਣੀ ਇਹ ਹੈ [8]ਜੇ ਮੈਂ ਪਾਤਸ਼ਾਹ ਦੀ ਨਿਗਾਹ ਵਿਚ ਦਯਾ ਦੀ ਜਿਲਦੀ ਹਾਂ ਅਤੇ ਜੇ ਪਾਤਸ਼ਾਹ ਨੂੰ ਮੇਰੀ ਅਰਜ਼ ਚੰਗੀ ਲੱਗੇ ਤਾਂ ਪਾਤਸ਼ਾਹ ਅਰ ਹਾਮਾਨ ਪਰਸ਼ਾਦ ਛਕਣ ਨੂੰ ਜਿਹੜਾ ਮੈਂ ਉਨ੍ਹਾਂ ਲਈ ਤਿਆਰ ਕਰਾਂਗੀ ਆਉਣ ਤਾਂ ਕੱਲ ਨੂੰ ਮੈਂ ਉਹ ਕੁੱਝ ਕਰਾਂਗੀ ਜਿਵੇਂ ਪਾਤਸ਼ਾਹ ਨੇ ਆਖਿਆ।**

ਬਾਦਸ਼ਾਹ ਅਤੇ ਹਾਮਾਨ ਅਸਤਰ ਦੀ ਦਾਅਵਤ ਵਿਚ ਗਏ। ਆਪਣੀ ਯੋਜਨਾ ਦੇ ਮੁਤਾਬਕ ਮਲਕਾ ਆਪਣਾ ਅਗਲਾ ਕਦਮ ਚੁੱਕਣ ਲਈ ਤਿਆਰ ਸੀ।

**ਆਇਤ 5. ਪਾਤਸ਼ਾਹ** ਨੇ ਆਪਣਾ ਵਾਅਦਾ ਨਿਭਾਇਆ; ਉਸ ਨੇ **ਅਸਤਰ ਦੇ ਆਖੇ ਅਨੁਸਾਰ** ਕੀਤਾ। ਉਸ ਨੇ ਫੌਰਨ **ਹਾਮਾਨ** ਨੂੰ ਸੁਨੇਹਾ ਘੱਲਿਆ ਅਤੇ ਦੋਵੇਂ ਇਕੱਠੇ **ਪਰਸ਼ਾਦ ਛਕਣ ਲਈ ਜਿਹੜਾ ਅਸਤਰ ਨੇ ਤਿਆਰ ਕੀਤਾ ਸੀ** ਅਸਤਰ ਦੇ ਘਰ ਗਏ। ਮੌਕੇ ਦੀ ਆਪਣੀ ਪ੍ਰਤੀਕਿਰਿਆ ਕਰਕੇ ਭਾਵੇਂ ਹਾਮਾਨ ਬਾਦਸ਼ਾਹ ਦਾ ਪ੍ਰਧਾਨ ਮੰਤਰੀ ਸੀ, ਪਰ ਬਾਦਸ਼ਾਹ ਦੇ ਨਾਲ ਉਹਦੀ ਮਲਕਾ ਨਾਲ ਖਾਣਾ ਖਾਣ ਵਿਚ ਸ਼ਾਮਿਲ ਹੋਣ ਲਈ ਕਿਹਾ ਜਾਣ ਦਾ ਆਦੀ ਨਹੀਂ ਸੀ। ਉਹਨੂੰ ਸੱਦੇ ਜਾਣ ਤੇ ਹੱਦੋਂ ਵੱਧ ਖੁਸ਼ੀ ਹੋਈ ਜਿਸ ਕਰਕੇ ਉਹ ਫੂਕ ਵਿਚ ਆ ਗਿਆ।

**ਆਇਤ 6.** ਖਾਣੇ ਦੌਰਾਨ **ਪਾਤਸ਼ਾਹ ਨੇ ਮਧ ਪੀਣ ਦੇ ਵੇਲੇ ਅਸਤਰ** ਤੋਂ ਪੁੱਛਿਆ ਕਿ ਉਹ ਕੀ ਚਾਹੁੰਦੀ ਹੈ: **ਤੇਰੀ ਕੀ ਅਰਜ਼ ਹੈ? ਉਹ ਤੈਨੂੰ ਦਿੱਤੀ ਜਾਵੇਗੀ ਅਰ ਤੇਰੀ ਕੀ ਭਾਉਣੀ ਹੈ?** ਆਇਤ 3 ਵਾਂਗ ਉਹਨੇ ਅਸਤਰ ਨੂੰ **ਅੱਧੀ ਪਾਤਸ਼ਾਹੀ ਤੀਕ** ਜੋ ਚਾਹੇ ਮੰਗਣ ਦੀ ਪੇਸ਼ਕਸ਼ ਕੀਤੀ। ਮੱਧ ਪੀਤੇ ਜਾਣ ਦਾ ਜ਼ਿਕਰ ਬਾਦਸ਼ਾਹ ਦੀ ਮੰਜ਼ੂਰੀ ਲੈਣ ਲਈ ਅਸਤਰ ਦੀ ਯੋਜਨਾ ਦੇ ਇਕ ਹੋਰ ਜਿਲਦ ਦਾ ਸੰਕੇਤ ਹੋ ਸਕਦਾ ਹੈ। ਲੋਕ ਆਮ ਤੌਰ ਤੇ ਉਦੋਂ ਵਧੇਰੇ ਸਹਿਮਤ ਹੁੰਦੇ ਹਨ ਜਦੋਂ ਉਨ੍ਹਾਂ ਦੇ ਢਿੱਡ ਭਰੇ

ਹੋਣ ਅਤੇ ਮਧ ਪੀਣ ਨਾਲ ਵਿਅਕਤੀ ਦੀਆਂ ਸਫ਼ਾਈਆਂ ਦੇਣਾ ਘਟ ਜਾਂਦਾ ਹੈ। ਫ਼ਾਰਸੀ ਸਲਤਨਤ ਵਿਚ ਮਧ ਪੀਣਾ ਦਾਅਵਤਾਂ ਦਾ ਹਿੱਸਾ ਹੁੰਦਾ ਸੀ। ਆਇਤ 6 ਵਿਚ ''ਮਧ ਪੀਣ ਵੇਲੇ'' ਮੂਲ ਵਿਚ ''ਮਧ ਦੀ ਦਾਅਵਤ ਤੇ'' ਹੈ।

**ਆਇਤਾਂ 7, 8.** ਅਸਤਰ ਦੀ ਦੂਜੀ **ਅਰਜ** ਉਸ ਦੀ ਪਹਿਲੀ ਬੇਨਤੀ ਵਰਗੀ ਹੀ ਸੀ ਕਿ **ਪਾਤਸ਼ਾਹ ਅਰ ਹਾਮਾਨ** ਇਕ ਵਾਰ ਫੇਰ (ਅਗਲੇ ਦਿਨ) ਦੂਜੀ ਵਾਰ **ਪਰਸ਼ਾਦ ਛਕਣ ਨੂੰ ਆਉਣ**। ਇਸ ਵਾਰ **ਅਸਤਰ** ਨੇ ਦੱਸਿਆ ਕਿ ਉਹ ਦੱਸੇਗੀ ਕਿ ਉਹ ਬਾਦਸ਼ਾਹ ਤੋਂ ਕੀ ਕਰਵਾਉਣਾ ਚਾਹੁੰਦੀ ਹੈ: **ਮੈਂ ਉਹ ਕੁਝ ਕਰਾਂਗੀ ਜਿਵੇਂ ਪਾਤਸ਼ਾਹ ਨੇ ਆਖਿਆ** (ਮੂਲ ਵਿਚ, ''ਬਾਦਸ਼ਾਹ ਦੇ ਕਹੇ ਮੁਤਾਬਕ'') । ਇਹਦਾ ਮਤਲਬ ਇਹ ਹੈ ਕਿ ''ਮੈਂ ਤਦੇ ਬਾਦਸ਼ਾਹ ਨੂੰ ਦੱਸਾਂਗੀ ਕਿ ਮੇਰੇ ਮਨ ਵਿਚ ਕੀ ਹੈ'' (ਵੇਖੋ 5:3)। ਇਕ ਦੇ ਬਾਅਦ ਇਕ ਦੋ ਦਿਨਾਂ ਤਕ ਦਾਅਵਤਾਂ ਨੇ ਬਾਦਸ਼ਾਹ ਨੂੰ ਉਹਦੀ ਬੇਨਤੀ ਨੂੰ ਮੰਨਣ ਲਈ ਹੋਰ ਤਿਆਰ ਕਰ ਲਿਆ; ਜਿਵੇਂ ਕਿਹਾ ਜਾਂਦਾ ਹੈ, ਉਹ ''ਅਸਤਰ ਦੀ ਪੂਰੀ ਯੋਜਨਾ ਦਾ ਚਤੁਰਾਈ ਵਾਲਾ ਹਿੱਸਾ'' ਸੀ।[15]

## ਮਾਰਦਕਈ ਨੂੰ ਮਾਰ ਸੁੱਟਣ ਦੀ ਹਾਮਾਨ ਦੀ ਸਾਜ਼ਸ਼ (5:9-14)

**[9]ਤਦ ਉਸ ਦਿਨ ਹਾਮਾਨ ਅਨੰਦ ਅਰ ਪਰਸੱਨ ਹੋ ਕੇ ਬਾਹਰ ਨੂੰ ਨਿੱਕਲਿਆ ਪਰ ਜਦ ਹਾਮਾਨ ਨੇ ਮਾਰਦਕਈ ਨੂੰ ਪਾਤਸ਼ਾਹ ਦੇ ਫਾਟਕ ਉੱਤੇ ਵੇਖਿਆ ਕਿ ਨਾ ਉਹ ਉੱਠ ਕੇ ਖੜਾ ਹੋਇਆ ਅਤੇ ਨਾ ਹਟਿਆ ਤਾਂ ਹਾਮਾਨ ਕ੍ਰੋਧ ਨਾਲ ਮਾਰਦਕਈ ਦੇ ਵਿਰੁੱਧ ਭਰ ਗਿਆ [10]ਤਾਂ ਵੀ ਹਾਮਾਨ ਨੇ ਆਪਣੇ ਆਪ ਨੂੰ ਰੋਕਿਆ ਅਤੇ ਜਦੋਂ ਆਪਣੇ ਘਰ ਆਇਆ ਤਾਂ ਉਸ ਨੇ ਆਪਣੇ ਮਿੱਤਰਾਂ ਨੂੰ ਅਤੇ ਆਪਣੀ ਇਸਤ੍ਰੀ ਜ਼ਰਸ਼ ਨੂੰ ਸੱਦ ਘੱਲਿਆ [11]ਤਾਂ ਹਾਮਾਨ ਨੇ ਉਨ੍ਹਾਂ ਨੂੰ ਆਪਣੀ ਅਮੀਰੀ ਦਾ ਠਾਠ ਬਾਠ ਅਤੇ ਆਪਣੇ ਪੁੱਤਰਾਂ ਦੇ ਵਾਧੇ ਦੀ ਵਾਰਤਾ ਦੱਸੀ ਅਤੇ ਓਹ ਸਾਰੀਆਂ ਗੱਲਾਂ ਕਿ ਕਿਵੇਂ ਪਾਤਸ਼ਾਹ ਨੇ ਉਸ ਨੂੰ ਵੱਡਾ ਬਣਾਇਆ ਅਤੇ ਆਪਣੇ ਸਰਦਾਰਾਂ ਅਤੇ ਸ਼ਾਹੀ ਟਹਿਲੂਆਂ ਵਿਚ ਉੱਚੀ ਪਦਵੀ ਦਿੱਤੀ [12]ਹਾਮਾਨ ਨੇ ਹੋਰ ਇਹ ਵੀ ਆਖਿਆ ਕਿ ਅਸਤਰ ਮਲਕਾ ਨੇ ਪਾਤਸ਼ਾਹ ਦੇ ਸੰਗ ਪਰਸ਼ਾਦ ਛਕਣ ਲਈ ਜਿਹੜਾ ਉਸ ਨੇ ਤਿਆਰ ਕੀਤਾ ਮੇਰੇ ਬਿਨਾ ਹੋਰ ਕਿਸੇ ਨੂੰ ਨਹੀਂ ਸੱਦਿਆ ਅਤੇ ਕੱਲ ਦੇ ਲਈ ਵੀ ਉਸ ਨੇ ਪਾਤਸ਼ਾਹ ਦੇ ਸੰਗ ਮੈਨੂੰ ਹੀ ਸੱਦਿਆ ਹੈ [13]ਪਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਮੈਨੂੰ ਕੋਈ ਖੁਸ਼ੀ ਨਹੀਂ ਜਿੰਨਾ ਚਿਰ ਮਾਰਦਕਈ ਯਹੂਦੀ ਨੂੰ ਮੈਂ ਪਾਤਸ਼ਾਹ ਦੇ ਫਾਟਕ ਉੱਤੇ ਬੈਠਾ ਵੇਖਦਾ ਹਾਂ [14]ਤਾਂ ਉਸ ਦੀ ਇਸਤ੍ਰੀ ਜ਼ਰਸ਼ ਨੇ ਅਤੇ ਉਸ ਦੇ ਮਿੱਤਰਾਂ ਨੇ ਉਸ ਨੂੰ ਆਖਿਆ ਕਿ ਪੰਜਾ ਹੱਥ ਉੱਚੀ ਸੂਲੀ ਬਣਵਾਈ ਜਾਵੇ ਅਤੇ ਕਲ ਨੂੰ ਪਾਤਸ਼ਾਹ ਨੂੰ ਆਖ ਕਿ ਮਾਰਦਕਈ ਨੂੰ ਉਸ ਉੱਤੇ ਚੜ੍ਹਾਇਆ ਜਾਵੇ, ਤਦ ਅਨੰਦ ਨਾਲ ਪਾਤਸ਼ਾਹੀ ਦੇ ਸੰਗ ਪਰਸ਼ਾਦ ਛਕਣ ਨੂੰ ਜਾਈਂ ਅਤੇ ਹਾਮਾਨ ਨੂੰ ਇਹ ਗੱਲ ਚੰਗੀ ਲੱਗੀ ਅਤੇ ਉਸ ਨੇ ਸੂਲੀ ਬਣਵਾਈ।**

ਅਸਤਰ ਦੀ ਦਾਅਵਤ ਤੋਂ ਨਿੱਕਲਣ ਵੇਲੇ, ਇਕ ਵਾਰ ਫੇਰ ਤੋਂ ਮਾਰਦਕਈ ਦੀ ਨਾਫ਼ਰਮਾਨੀ ਨਾਲ ਹਾਮਾਨ ਦੀ ਬੇਇੱਜ਼ਤੀ ਹੋਈ। ਉਸ ਨੇ ਇਸ ਮਾਮਲੇ ਤੇ ਆਪਣੀ ਪਤਨੀ ਅਤੇ ਦੋਸਤਾਂ ਨਾਲ ਗੱਲ ਕੀਤੀ।

**ਆਇਤ 9. ਹਾਮਾਨ ਅਨੰਦ ਅਰ ਪਰਸੱਨ** ਸੀ ਜਿਸਦਾ ਮਤਲਬ ਇਹ ਹੈ ਕਿ ਉਹ ਘਮੰਡ ਨਾਲ ਭਰਿਆ ਸੀ। ਕੈਰੀ ਏ. ਮੂਰ ਨੇ ਇਸ ਵਾਕ ਅੰਸ਼ ਦਾ ਅਨੁਵਾਦ ''ਅਨੰਦਚਿਤ ਅਤੇ ਚਾਅ ਨਾਲ ਭਰਿਆ'' ਕੀਤਾ ਹੈ ਅਤੇ 1 ਸਮੂਏਲ 25:36 ਦਾ ਹਵਾਲਾ ਦਿੰਦਿਆਂ ਇਹ ਵਿਆਖਿਆ ਇਉਂ ਕੀਤੀ ਹੈ ਕਿ ''ਚਾਂਈਂ ਚਾਂਈਂ'' ਮੂਲ ਵਿਚ ''ਜੀਅ ਵਿਚ ਅਨੰਦ'' ਹੈ।[16] NIV ਵਿਚ ਅਨੁਵਾਦ ''ਖੁਸ਼ ਅਤੇ ਉਡਾਰੀਆਂ ਮਾਰਦਾ'' ਹੋਇਆ ਹੈ। ਹਾਮਾਨ ਨੂੰ ਅਜਿਹਾ ਇਸ ਕਰਕੇ ਲਗ ਰਿਹਾ ਸੀ ਕਿਉਂ ਜੋ

ਉਹਨੂੰ ਬਾਦਸ਼ਾਹ ਅਤੇ ਉਹਦੀ ਰਾਣੀ ਦੇ ਨਾਲ ਬੈਠ ਕੇ ਖਾਣਾ ਖਾਣ ਦਾ ਮਾਣ ਪ੍ਰਾਪਤ ਹੋਇਆ ਸੀ। ਪਰ ਉਹਦੇ ਘਮੰਡ ਦੀ ਹਵਾ ਨਿੱਕਲ ਗਈ ਜਦ ਉਹਨੇ **ਮਾਰਦਕਈ ਨੂੰ ਪਾਤਸ਼ਾਹ ਦੇ ਫਾਟਕ ਉੱਤੇ ਵੇਖਿਆ** ਅਤੇ ਇਹ ਯਹੂਦੀ ਫੇਰ ਉਸ ਦੇ ਸਾਹਮਣੇ ਆਉਣ ਤੇ **ਨਾ ਉਹ ਉੱਠ ਕੇ ਖੜਾ ਹੋਇਆ ਅਤੇ ਨਾ ਹਟਿਆ**। ਅਡੇਲੇ ਬਰਲਿਨ ਦੇ ਮੁਤਾਬਕ ''ਮਾਰਦਕਈ ਦਾ ਉੱਥੇ ਹੋਣਾ ਹੀ ਹਾਮਾਨ ਨੂੰ ਪਰੇਸ਼ਾਨ ਕਰਨ ਵਾਲਾ ਹੈ। ਪਰ ਇਸ ਨਾਲੋਂ ਵੀ ਵਧਕੇ, ਮਾਰਦਕਈ *ਬੈਠਾ ਹੋਇਆ* ਸੀ। ਉਹ ਖੜਾ ਨਹੀਂ ਹੋਇਆ। ਨਾ ਹਿੱਲਿਆ ਡੁੱਲਿਆ। ਝੁਕ ਕੇ ਸਿਜਦਾ ਕਰਨਾ ਤਾਂ ਦੂਰ ਦੀ ਗੱਲੀ ਸੀ (ਆਇਤ 9)।''[17] ਹਾਮਾਨ ਦੀ ਖੁਸ਼ੀ ਹਵਾ ਹੋ ਗਈ, ਅਤੇ ਉਸ ਦਾ ਘਮੰਡ **ਕ੍ਰੋਧ ਨਾਲ ਮਾਰਦਕਈ ਦੇ ਵਿਰੁੱਧ** ਬਦਲ ਗਿਆ। ਉਸ ਨੇ ਇਕ ਯਹੂਦੀ ਵੱਲੋਂ ਆਪਣੀ ਤਾਕਤ ਨੂੰ ਨਾ ਮੰਨੇ ਜਾਣ ਲਈ ਆਪਣਾ ਦਿਨ ਅਤੇ ਅਸਲ ਵਿਚ ਆਪਣੀ ਜ਼ਿੰਦਗੀ ਬਰਬਾਦ ਹੋਣ ਦਿੱਤੀ!

ਅਧਿਆਇ 5 ਤੋਂ 7 ਵਿਚ ਹਾਮਾਨ ਜੋ ਕਿ ਬਿਨਾਂ ਕਿਸੇ ਸ਼ੱਕ ਦੇ ਕਹਾਣੀ ਦਾ ਖਲਨਾਇਕ ਹੈ, ਹਸਾਉਣ ਦੇ ਨਾਲ-ਨਾਲ ਅਤੇ ਰੁਲਾਉਣ ਵਾਲਾ ਪਾਤਰ ਹੈ। ਉਹਦਾ ਫੁੱਲਿਆ ਹੋਇਆ ਹੰਕਾਰ ਲਗਭਗ ਹਾਸੋਹੀਣਾ ਹੈ,[18] ਅਤੇ ਇਹ ਗੱਲ ਕਿ ਉਹ ਕਿਸੇ ਵੱਲੋਂ ਉਸ ਦੇ ਵੱਡਾ ਹੋਣ ਨੂੰ ਮੰਨਣ ਤੋਂ ਇਨਕਾਰ ਕਰਨ ਤੇ ਐਨਾ ਪਰੇਸ਼ਾਨ ਹੋ ਸਕਦਾ ਹੈ, ਤਰਸ ਦੇ ਯੋਗ ਹੈ। ਭਾਵੇਂ ਉਹ ਬਾਦਸ਼ਾਹ ਨਾਲ ਚਲਾਕੀ ਕਰ ਸਕਦਾ ਸੀ, ਪਰ ਰਾਣੀ ਵੱਲੋਂ ਉਸ ਨਾਲ ਚਲਾਕੀ ਕੀਤੀ ਜਾ ਸਕਦੀ ਸੀ ਅਤੇ ਕੀਤੀ ਵੀ ਗਈ। ਉਸ ਨੇ ਆਪਣੇ ਆਪ ਨੂੰ ਇਕ ਪ੍ਰਭਾਵਸ਼ਾਲੀ ਵਿਅਕਤੀ ਦੇ ਰੂਪ ਵਿਚ ਵੇਖਿਆ, ਫਿਰ ਵੀ ਉਹ ਦੂਜਿਆਂ ਤੋਂ ਖ਼ਾਸਕਰ ਮਾਰਦਕਈ ਦੀ ਬੇਇੱਜ਼ਤੀ ਤੋਂ, ਅਸਤਰ ਦੀ ਖੁਸ਼ਾਮਦ ਤੋਂ, ਅਤੇ ਆਪਣੇ ਦੋਸਤਾਂ ਦੀ ਮੰਜ਼ੂਰੀ ਤੋਂ ਬਹੁਤ ਪ੍ਰਭਾਵਿਤ ਸੀ। ਕਹਾਣੀ ਦੇ ਅਖ਼ੀਰ ਵਿਚ ਉਸ ਨੂੰ ਦੁਸ਼ਟ ਸੁਭਾਅ ਵਾਲੇ ਵਿਅਕਤੀ ਨਾਲੋਂ ਵੀ ਵੱਧ ਤਰਸਯੋਗ ਭੰਡ ਦੇ ਰੂਪ ਵਿਚ ਵਿਖਾਇਆ ਗਿਆ ਹੈ।

**ਆਇਤ 10.** ਗੁੱਸਾ ਆਉਣ ਦੇ ਬਾਵਜੂਦ, **ਹਾਮਾਨ ਨੇ ਆਪਣੇ ਆਪ ਨੂੰ ਰੋਕਿਆ**। ਉਸ ਨੇ ਮਾਰਦਕਈ ਨੂੰ ਓਸੇ ਵੇਲੇ ਅਤੇ ਆਪ ਬਿਲਕੁਲ ਕੁਝ ਨਹੀਂ ਕਿਹਾ। ਇਹਦੇ ਉਲਟ ਉਹ ਘਰ **ਆਇਆ** ਅਤੇ ਆਪਣੀਆਂ ਜਿੱਤਾਂ ਅਤੇ ਆਪਣੀ ਮੁਸ਼ਕਿਲ ਦੋਹਾਂ ਨੂੰ **ਆਪਣੇ ਮਿੱਤਰਾਂ ਨੂੰ ਅਤੇ ਆਪਣੀ ਇਸਤ੍ਰੀ ਨੂੰ** ਉਨ੍ਹਾਂ ਨੂੰ ਦੱਸਣ ਲਈ **ਸੱਦ ਘੱਲਿਆ**। ''ਸੱਦ ਘੱਲਿਆ'' ਮੂਲ ਵਿਚ ''ਘੱਲਿਆ ਅਤੇ ਲਿਆਂਦਾ'' ਹੈ। ਕੋਈ ਸ਼ੱਕ ਨਹੀਂ ਕਿ ਉਹਨੇ ਆਪਣੇ ਸੇਵਕਾਂ ਜਾਂ ਗੁਲਾਮਾਂ ਨੂੰ ਉਨ੍ਹਾਂ ਨੂੰ ਲੱਭਣ ਲਈ ਘੱਲਿਆ ਅਤੇ ਉਨ੍ਹਾਂ ਨੂੰ ਆਪਣੇ ਘਰ ਲਿਆਂਦਾ (ਵੇਖੋ ਲੂਕਾ 14: 17)।

**ਆਇਤਾਂ 11, 12.** ਜਦ ਉਹ ਪਹੁੰਚ ਗਏ, ਤਾਂ ਹਾਮਾਨ ਨੇ ਉਨ੍ਹਾਂ ਨੂੰ **ਆਪਣੇ ਸੇਖ਼ੀ ਮਾਰਨ ਦੇ** ਕਾਰਣਾਂ ਦੀ **ਵਾਰਤਾ ਦੱਸੀ**। ਉਹ ਨੇ **ਆਪਣੀ ਅਮੀਰੀ ਦਾ ਠਾਠ ਬਾਠ, ਪੁੱਤਰਾਂ ਦੇ ਵਾਧੇ, ਪਾਤਸ਼ਾਹ** ਵੱਲੋਂ ਉਸ ਨੂੰ ਉੱਚੇ ਅਤੇ ਤਾਕਤ ਵਾਲੇ ਅਹੁਦੇ ਤੇ ਤਰੱਕੀ, **ਪਾਤਸ਼ਾਹ** ਦੇ ਨਾਲ **ਰਾਣੀ** ਵੱਲੋਂ **ਪਰਸ਼ਾਦ ਛਕਣ** ਲਈ ਸੱਦੇ ਜਾਣ ਦੇ ਸੁਜਿਲਦ ਦੀ ਗੱਲ ਕੀਤੀ।

ਹਾਮਾਨ ਦੇ ਪੁੱਤਰਾਂ ਦੇ ਸਬੰਧ ਵਿਚ, ਇਬਰਾਨੀ ਸ਼ਬਦ (*rob*, *ਰੌਬ*) ਦਾ ਅਨੁਵਾਦ ''ਵਾਧੇ'' ਹੋਇਆ ਹੈ। ਮੂਲ ਅਰਥ ''ਬਹੁਲਤਾ'' ਹੈ। ਟਾਲਮੁਡ ਵਿਚ ਰਾਮੀ ਬਿਨ ਅੱਬਾਹ ਦੇ ਮੁਤਾਬਕ, ਹਾਮਾਨ ਦੇ 208 ਪੁੱਤਰ ਸਨ।[19] ਪਰ ਇਹ ਗਿਣਤੀ ਜਿਮੈਟਰੀਆ (ਕਿਸੇ ਸ਼ਬਦ ਦੇ ਅੱਖਰਾਂ ਨੂੰ ਅੰਕਾਂ ਦੀ ਕੀਮਤ ਦੇਣਾ) ਅਤੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਣਾ ਚਾਹੀਦਾ। 9: 10 ਦੇ ਮੁਤਾਬਕ ਉਸ ਦੇ ਘੱਟੋ-ਘੱਟ ''ਦਸ ਪੁੱਤਰ'' ਸਨ ਜੋ ਕਿ ਇਹ ਵੀ ਕਾਫ਼ੀ ਵੱਡੀ ਗਿਣਤੀ ਹੈ। ਹੇਰੋਦੋਤਸ ਨੇ ਲਿਖਿਆ ਕਿ ਫ਼ਾਰਸੀਆਂ ਦਾ ਮੰਨਣਾ ਸੀ ਕਿ ''ਮਰਦਾਨਗੀ ਦਾ ਵੱਡਾ ਸਬੂਤ ਮੁੰਡਿਆਂ ਦੇ ਵੱਡੇ ਪਰਿਵਾਰ ਵਾਲਾ ਪਿਉ ਹੋਣਾ ਹੈ।''[20]

**ਆਇਤ 13.** ਹਾਮਾਨ ਦੇ ਖੁਸ਼ ਅਤੇ ਸੰਤੁਸ਼ਟ ਹੋਣ ਦੇ ਬਹੁਤ ਸਾਰੇ ਕਾਰਨ ਸਨ, ਪਰ ਉਸਨੇ ਮੰਨਿਆ ਕਿ ਬਾਗੀ **ਮਾਰਦਕਈ** ਦੇ ਹੋਣ ਕਰਕੇ ਉਹਨੂੰ ਕੋਈ ਖੁਸ਼ੀ ਜਾਂ ਮਨ ਦੀ ਸ਼ਾਂਤੀ ਨਹੀਂ ਸੀ। ਉਸ

ਨੇ ਆਖਿਆ, **ਪਰ ਇਨ੍ਹਾਂ ਸਾਰੀਆਂ ਗੱਲਾਂ ਤੋਂ ਮੈਨੂੰ ਕੋਈ ਖੁਸ਼ੀ ਨਹੀਂ** (ਮੂਲ ਵਿਚ, ''ਮੇਰੇ ਨਾਲ ਮੇਲ ਨਹੀਂ ਖਾਂਦਾ'')। ਸਾਫ਼ ਹੈ ਕਿ ਇਸ ਇਕਰਾਰ ਵਿਚ ਨਾ ਤਾਂ ਉਹਨੂੰ ਅਤੇ ਨਾ ਉੱਥੇ ਮੌਜੂਦ ਲੋਕਾਂ ਨੂੰ ਕੋਈ ਅਜੀਬ ਗੱਲ ਲੱਗੀ। ਅਜਿਹਾ ਲੱਗੇਗਾ ਕਿ ਕਿਸੇ ਨੇ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਕੀਤੀ ਕਿ ''ਇਕ ਮਿਨਟ ਰੁਕਣਾ! ਤੂੰ ਇਕ ਆਦਮੀ ਦੇ ਵਿਹਾਰ ਕਰਕੇ ਆਪਣੀ ਜ਼ਿੰਦਗੀ ਕਿਉਂ ਬਰਬਾਦ ਕਰਦਾ ਹੈ ਜਦ ਕਿ ਤੇਰੇ ਕੋਲ ਤਾਂ ਐਨਾ ਕੁਝ ਹੈ?''

**ਆਇਤ 14.** ਪਰ ਹਾਮਾਨ ਦੀ **ਇਸਤ੍ਰੀ** ਅਤੇ **ਮਿੱਤਰਾਂ** ਨੇ ਇਕ ਸੁਝਾਅ ਦਿੱਤਾ ਕਿ ਉਹ ਇਸ ਮੁਸ਼ਕਿਲ ਨੂੰ ਕਿਵੇਂ ਸੁਲਝਾ ਸਕਦਾ ਹੈ। ਉਨ੍ਹਾਂ ਉਸ ਨੂੰ ਦੱਸਿਆ, **ਸੂਲੀ ਬਣਵਾਈ ਜਾਵੇ ਅਤੇ ਕਲ ਨੂੰ ਪਾਤਸ਼ਾਹ ਨੂੰ ਆਖ ਕਿ ਮਾਰਦਕਈ ਨੂੰ ਉਸ ਉੱਤੇ ਚੜ੍ਹਾਇਆ ਜਾਵੇ।** ਉਨ੍ਹਾਂ ਦਾ ਮਤਲਬ ਇਹ ਸੀ ਕਿ ਬਾਦਸ਼ਾਹ ਹਾਮਾਨ ਦੀ ਮੰਨਦਾ ਹੈ ਅਤੇ ਉਹਨੇ ਰਾਣੀ ਦੇ ਮੇਜ਼ ਤੇ ਉਹਦੇ ਨਾਲ ਖਾਣਾ ਵੀ ਇਕੱਠਿਆ ਖਾਧਾ ਸੀ, ਇਸ ਕਰਕੇ ਉਹ ਉਸ ਨੂੰ ਕਿਸੇ ਗੱਲੋਂ ਮਨ੍ਹਾਂ ਨਹੀਂ ਕਰੇਗਾ!

ਅਨੁਵਾਦ ਹੋਏ ਸ਼ਬਦ ''ਸੂਲੀ'' ਦਾ ਬੁਨਿਆਦੀ ਇਬਰਾਨੀ ਸ਼ਬਦ *'ets* (*ਏਟਸ*) ਇਕ ਅਜਿਹਾ ਸ਼ਬਦ ਹੈ ਜਿਸ ਦਾ ਮੂਲ ਅਰਥ ''ਰੁੱਖ'' ਜਾਂ ਲੱਕੜੀ ਹੈ। ਇਸ ਸੰਦਰਭ ਵਿਚ, ਲੱਕੜ ਦੀ ਚੀਜ਼ ਸੂਲ ਵਰਗੀ ਹੋਵੇਗੀ ਜਿਹਦੇ ਉੱਤੇ ਮੌਤ ਦਿੱਤੇ ਜਾਣ ਵਾਲੇ ਵਿਅਕਤੀ ਨੂੰ ਟੰਗਿਆ ਜਾਂਦਾ ਸੀ।[21] ਕ੍ਰੇਨ ਐੱਚ. ਜੋਬਸ ਦੇ ਮੁਤਾਬਕ, ''ਹੇਰੋਦੋਤਸ ਦੀ ਲਿਖਿਤ ਗਵਾਹੀ ਅਤੇ ਪੱਥਰ ਦੀਆਂ ਨਕਾਸ਼ੀਆਂ ਦੀ ਖ਼ੁਦਾਈ ਦੋਹਾਂ ਤੋਂ, ਸਾਨੂੰ ਪਤਾ ਲਗਦਾ ਹੈ ਕਿ ਫ਼ਾਰਸੀ ਲੋਕ 'ਸੂਲੀਆਂ' ਬਣਾਉਂਦੇ ਸਨ ਜਿਹੜੀਆਂ ਲੱਕੜ ਦੀਆਂ ਸੂਲਾਂ ਹੁੰਦੀਆਂ ਸਨ ਜਿਨ੍ਹਾਂ ਉੱਤੇ ਉਨ੍ਹਾਂ ਦੇ ਸ਼ਿਕਾਰ ਦਾ ਦਮ ਨਹੀਂ ਘੁੱਟਿਆ ਜਾਂਦਾ ਸੀ ਬਲਕਿ ਉਨ੍ਹਾਂ ਉੱਤੇ ਟੰਗਿਆ ਜਾਂਦਾ ਸੀ।''[22]

ਹਾਮਾਨ ਨੂੰ ਸੁਝਾਅ ਦਿੱਤਾ ਗਿਆ ਕਿ ਉਹ **ਪੰਜਾਹ ਹੱਥ ਉੱਚੀ** ਭਾਵ ਤਕਰੀਬਨ ''ਪੰਝੱਤਰ ਫੁੱਟ ਉੱਚੀ ਸੂਲੀ ਬਣਾਈ ਜਾਵੇ'' (NIV)। ਸੂਲੀ ਦੇ ਅਸਰਦਾਰ ਹੋਣ ਲਈ ਐਨਾ ਉਚਿਆਈ ਦੀ ਲੋੜ ਨਹੀਂ ਸੀ, ਤਾਂ ਫਿਰ ਇਹ ਮਾਪ ਕਿਉਂ ਦਿੱਤਾ ਗਿਆ? (1) ਸ਼ਾਇਦ ਹਾਮਾਨ ਦੇ ਮਿੱਤਰਾਂ ਦਾ ਇਰਾਦਾ ਇਹ ਨਹੀਂ ਸੀ ਕਿ ਉਨ੍ਹਾਂ ਦੇ ਸੁਝਾਅ ਦਾ ਮਤਲਬ ਹੂ–ਬ–ਹੂ ਲੈ ਲਿਆ ਜਾਵੇ; ''ਪੰਜਾਹ ਹੱਥ ਉੱਚੇ'' ਦਾ ਮਤਲਬ ਸਿਰਫ਼ ਐਨਾ ਕੁ ਹੋ ਸਕਦਾ ਸੀ ਕਿ ''ਉਹਨੂੰ ਉੱਚਾ ਟੰਗ ਦੇ।'' (2) ਕਿਤਾਬ ਵਿਚ ਇਹ ਨਹੀਂ ਦੱਸਿਆ ਗਿਆ ਕਿ ਹਾਮਾਨ ਨੇ ਸਚਮੁਚ ਐਨੀ ਉੱਚੀ ਸੂਲੀ ਬਣਾ ਦਿੱਤੀ; ਇਹ ਸਿਰਫ਼ ਐਨਾ ਦੱਸਦੀ ਹੈ ਕਿ ਐਨੀ ਉਚਿਆਈ ਦਾ ਸੁਝਾਅ ਦਿੱਤਾ ਗਿਆ। (3) ਜੇ ਸੂਲੀ ਮਹਿਲ ਦੀ ਦੀਵਾਰ ਦੇ ਉੱਪਰ ਬਣਾਈ ਗਈ ਤਾਂ[23] ਤਾਂ ਜ਼ਮੀਨ ਤੋਂ ਸੂਲੀ ਦੇ ਉੱਪਰਲੇ ਸਿਰੇ ਤਕ ਦੀ ਉਚਿਆਈ ਪੰਜਾਹ ਹੱਥ ਹੋਵੇਗੀ।[24] ਪਰ ਇਨ੍ਹਾਂ ਦਲੀਲਾਂ ਵਿਚ ਬਹੁਤਾ ਵਜ਼ਨ ਨਹੀਂ ਹੈ ਕਿਉਂ ਜੋ 7:9 ਸੂਲੀ ਦੀ ਉਚਿਆਈ ਫੇਰ ਦੱਸਦਾ ਹੈ (''ਪੰਜਾਹ ਹੱਥ ਉੱਚੀ'') ਅਤੇ ਆਖਦਾ ਹੈ ਕਿ ਇਹ ਮਹਿਲ ਵਿਚ ਨਹੀਂ ਬਲਕਿ ਹਾਮਾਨ ਦੇ ਘਰ ਬਣਾਈ ਗਈ। ਐਨੀ ਉਚਿਆਈ ਹਾਮਾਨ ਦੇ ਮਦਦਗਾਰਾਂ ਦੀ ਸ਼ੂਸ਼ਨ ਦੀ ਸਾਰੀ ਪਰਜਾ ਦੇ ਸਾਹਮਣੇ ਮਾਰਦਕਈ ਦਾ ਤਮਾਸ਼ਾ ਬਣਾਉਣ ਦੀ ਇੱਛਾ ਨੂੰ ਵਿਖਾਉਂਦੀ ਹੈ; ਉਹ ਉਸ ਯਹੂਦੀ ਨੂੰ ਸ਼ਰਮਸ਼ਾਰ ਅਤੇ ਬੇਇੱਜ਼ਤ ਕਰਨਾ ਚਾਹੁੰਦੇ ਸਨ ਜਿਸ ਨੇ ਹਾਮਾਨ ਦੇ ਇਖ਼ਤਿਆਰ ਨੂੰ ਲਲਕਾਰਿਆ ਸੀ।

**ਹਾਮਾਨ ਨੂੰ ਇਹ ਗੱਲ ਚੰਗੀ ਲੱਗੀ ਅਤੇ ਉਸ ਨੇ ਸੂਲੀ ਬਣਵਾਈ।** ਉਹਦਾ ਮੰਨਣਾ ਸੀ ਕਿ ਉਹਦੀ ਮੁਸ਼ਕਿਲ ਛੇਤੀ ਹੀ ਹੱਲ ਹੋ ਜਾਵੇਗੀ ਕਿਉਂ ਜੋ ਉਹਦਾ ਦੁਸ਼ਮਣ ਮਰ ਜਾਵੇਗਾ ਅਤੇ ਉਹ ਉਸ ਦੂਜੇ **ਪਰਛਾਦ ਛਕਣ** (ਦਾਅਵਤ ਵਿਚ) ਜਿਹੜਾ ਰਾਣੀ ਵੱਲੋਂ ਉਹਦੇ ਅਤੇ ਬਾਦਸ਼ਾਹ ਲਈ ਤਿਆਰ ਕੀਤਾ ਜਾ ਰਿਹਾ ਸੀ, ਜਾਣ ਵਿਚ ਅਨੰਦ ਲੈ ਸਕੇਗਾ। ਇਸ ਦੇ ਬਾਅਦ ਉਹ ਆਪਣੀ ਤਾਕਤ ਅਤੇ ਖੁਸ਼ਹਾਲੀ ਦਾ ਨਿੱਘ ਮਾਣਦਾ ਹੋਇਆ, ਖੁਸ਼ੀ ਖੁਸ਼ੀ ਰਹਿ ਸਕੇਗਾ। ਹਾਮਾਨ ਅਤੇ ਉਸਦੇ ਦੋਸਤਾਂ ਦੇ ਨਜ਼ਰੀਏ ਤੋਂ, ਸੂਲੀ ਅਤੇ ਮਾਰਦਕਈ ਦੀ ਮੌਤ ਨਾਲ ਹਾਮਾਨ ਦੀ ਮੁਸ਼ਕਿਲ ਹੱਲ ਹੋ ਜਾਣੀ ਸੀ।

ਇਸ ਦੇ ਉਲਟ ਯਹੂਦੀਆਂ ਦਾ ਭਵਿੱਖ ਸਚਮੁਚ ਹਨੇਰਾ ਲਗ ਰਿਹਾ ਸੀ। ਮਾਰਦਕਈ ਨੂੰ ਸੂਲੀ ਤੇ ਟੰਗ ਦਿੱਤਾ ਜਾਣਾ ਸੀ ਅਤੇ ਮੁਕਤੀ ਲਈ ਯਹੂਦੀਆਂ ਦੀ ਉਮੀਦ ਉਹਦੇ ਨਾਲ ਹੀ ਖ਼ਮ ਹੋ ਸਕਦੀ ਸੀ।

## ਪ੍ਰਾਸੰਗਿਤਾ

**ਅਸਤਰ ਦਾ ਕੁਰਬਾਨੀ ਭਰਿਆ ਵਤੀਰਾ** (5: 1)

ਆਪਣੇ ਲੋਕਾਂ ਦੀ ਮਦਦ ਲਈ ਆਪਣੇ ਆਪ ਨੂੰ ਖ਼ਤਰੇ ਵਿਚ ਪਾਉਣ ਦੀ ਅਸਤਰ ਦੀ ਤਿਆਰੀ ਨੂੰ ਅਸੀਂ ਕਿਸ ਨਾਲ ਮਿਲਾ ਸਕਦੇ ਹਾਂ?

ਇਤਹਾਸ ਦੇ ਖੇਤਰ ਵਿਚ, ਮੇਰੇ ਧਿਆਨ ਵਿਚ ਕਰੀਮੀਆ ਦੀ ਜੰਗ ਦੌਰਾਨ ਬਲਾਕਲਾਵਾ ਦੀ ਲੜਾਈ ਵਿਚ ਬਰਤਾਨਵੀ ਟੁਕੜੀਆਂ ਦਾ ਦਲੇਰੀ ਨਾਲ ਕਬਜ਼ਾ ਆਉਂਦਾ ਹੈ। 1854 ਵਿਚ, 600 ਤੋਂ ਵੱਧ ਪਹਿਰਾ ਦੇਣ ਵਾਲੇ ਸਿਪਾਹੀਆਂ ਨੇ ਦੁਸ਼ਮਣਾਂ ਦੀਆਂ ਬੰਦੂਕਾਂ ਵੱਲ ਨੂੰ ਸਿੱਧੇ, ਖੁੱਲ੍ਹੇ ਮੈਦਾਨ ਵਿਚ ਹਮਲਾ ਕਰ ਦਿੱਤਾ। ਉਨ੍ਹਾਂ ਨੇ ਅਜਿਹਾ ਆਪਣੇ ਦੇਸ਼ ਦੀ ਖ਼ਾਤਰ ਅਤੇ ਇਸ ਕਰਕੇ ਕੀਤਾ ਕਿਉਂ ਜੋ ਉਨ੍ਹਾਂ ਨੂੰ ਅਜਿਹਾ ਕਰਨ ਦਾ ਹੁਕਮ ਮਿਲਿਆ ਸੀ। ਉਨ੍ਹਾਂ ਵਿੱਚੋਂ ਇਕ ਤਿਹਾਈ ਤੋਂ ਵੱਧ ਮਰ ਗਏ। ਐਲਫ੍ਰੇਡ ਟੈਨਿਸਨ ਨੇ ''ਦ ਚਾਰਜ ਆਫ਼ ਦ ਲਾਈਟ ਬ੍ਰਿਗੇਡ'' ਨਾਮਕ ਕਵਿਤਾ ਵਿਚ ਆਪਣੇ ਆਪ ਨੂੰ ਕੁਰਬਾਨ ਕਰਨ ਦੀ ਉਨ੍ਹਾਂ ਦੀ ਇੱਛਾ ਨੂੰ ਅਮਰ ਬਣਾ ਦਿੱਤਾ।[25]

ਸਾਹਿਤ ਵਿਚ ਆਪਣੇ ਆਪ ਨੂੰ ਦੇ ਦੇਣ ਦੀ ਅਸਤਰ ਦੀ ਇੱਛਾ ਨੂੰ ਚਾਰਲਸ ਡਿੱਕਨਸ ਵੱਲੋਂ 1859 ਵਿਚ ਲਿਖੇ ਆਪਣੇ ਨਾਵਲ *ਏ ਟੇਲ ਆਫ਼ ਟੂ ਸਿਟੀਸ* ਦੀ ਕਹਾਣੀ ਨਾਲ ਮਿਲਾਇਆ ਜਾ ਸਕਦਾ ਹੈ। ਇਸ ਕਹਾਣੀ ਵਿਚ ਇਕ ਨਾਮੀ ਵਕੀਲ ਸਿਡਨੀ ਕਾਰਟਨ ਨੂੰ ਦੋਸ਼ੀ ਠਹਿਰੇ ਇਕ ਕੁਲੀਨ ਚਾਰਲਸ ਡਾਰਨੇ ਦੀ ਥਾਂ ਮਾਰ ਦਿੱਤਾ ਗਿਆ। ਕਿਤਾਬ ਦੇ ਅਖ਼ੀਰ ਵਿਚ, ਡਿੱਕਨਸ ਨੇ ਸਿਡਨੀ ਕਾਰਟਨ ਦੇ ਇਹ ਕਹਿਣ ਦੀ ਕਲਪਨਾ ਕੀਤੀ, ''ਜੋ ਮੈਂ ਕਰਦਾ ਹਾਂ ਇਹ ਉਸ ਨਾਲੋਂ ਜੋ ਮੈਂ ਕਦੇ ਕੀਤਾ ਹੈ ਬਹੁਤ, ਬਹੁਤ ਵਧੀਆ ਹੈ। ...''[26]

ਬਾਈਬਲ ਵਿਚ ਸ਼ਾਇਦ ਅਸਤਰ ਦੇ ਨਿਰਸੁਆਰਥ ਵਿਹਾਰ ਦੀ ਤੁਲਨਾ ਮਸੀਹ ਦੇ ਕੰਮ ਲਈ ਰਸੂਲਾਂ ਦੇ ਸਮਰਪਣ ਨਾਲ ਕੀਤੀ ਜਾ ਸਕਦੀ ਹੈ। ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਕਿ ਯਿਸੂ ਦੇ ਨਾਂਅ ਵਿਚ ਪ੍ਰਚਾਰ ਨਾ ਕਰਨ; ਪਰ ਇਹ ਜਾਣਦਿਆਂ ਕਿ ਉਨ੍ਹਾਂ ਦਾ ਹੁਕਮ ਮੰਨਣ ਤੋਂ ਇਨਕਾਰ ਕਰਨਾ ਉਨ੍ਹਾਂ ਦੀ ਮੌਤ ਦਾ ਕਾਰਣ ਬਣ ਸਕਦਾ ਸੀ (ਅਤੇ ਅਖ਼ੀਰ ਬਣਿਆ ਵੀ), ਉਨ੍ਹਾਂ ਨੇ ਇਨ੍ਹਾਂ ਨਿਰਦੇਸ਼ਾਂ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ (ਕਰਤੱਬ 4: 18–20; 5:28, 29), ਉਹ ਇਕ ਉੱਚੇ ਉਦੇਸ਼ ਵਾਸਤੇ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਤਿਆਰ ਸਨ। ਇਸੇ ਤਰ੍ਹਾਂ ਨਾਲ, ਆਪਣੇ ਲੋਕਾਂ ਲਈ ਆਪਣੇ ਆਪ ਨੂੰ ਦੇ ਦੇਣ ਦੀ ਅਸਤਰ ਦੀ ਇੱਛਾ ਨੂੰ ਸਗੋਂ ਸਾਨੂੰ ਸਾਰੀ ਮਨੁੱਖ ਜਾਤੀ ਲਈ ਮਸੀਹ ਦੀ ਮੌਤ ਦਾ ਚੇਤਾ ਆਉਣਾ ਚਾਹੀਦਾ ਹੈ। ਉਸ ਨੇ ਖੁਸ਼ੀ ਨਾਲ ''ਸਾਡਿਆਂ ਪਾਪਾਂ ਦੇ ਕਾਰਣ ਆਪਣੇ ਆਪ ਨੂੰ ਦੇ ਦਿੱਤਾ ਭਈ ... ਸਾਨੂੰ ਇਸ ਵਰਤਮਾਨ ਬੁਰੇ ਜੁੱਗ ਤੋਂ ਬਚਾ ਲਵੇ'' (ਗਲਾਤੀਆਂ 1:4)।

**ਅਸਤਰ ਦਾ ਸੰਜਮ** (5: 4)

5: 4 ਵਿਚ ਅਸਤਰ ਨੇ ਜ਼ਬਰਦਸਤ ਸੰਜਮ ਵਿਖਾਇਆ। ਉਹਨੇ ਉਸ ਗੱਲ ਤੋਂ ਜੋ ਉਹਨੂੰ ਪਰੇਸ਼ਾਨ ਕਰ ਰਹੀ ਸੀ, ਦੁਖੀ ਹੋ ਕੇ ਬਕ ਨਹੀਂ ਦਿੱਤਾ, ਨਾ ਹੀ ਉਸ ਨੇ ''ਹਾਮਾਨ ਉੱਤੇ ਉਂਗਲ ਚੁੱਕ ਕੇ ਉਹਦਾ ਸਿਰ ਮੰਗਿਆ।'' ਉਸਨੇ ''ਬਾਦਸ਼ਾਹ ਦੇ ਜਜ਼ਬਾਤਾਂ ਦਾ ਫਾਇਦਾ ਚੁੱਕ ਕੇ ਉਸ ਨੂੰ ਕਾਰਵਾਹੀ ਕਰਨ ਲਈ ਮਨਾਇਆ ਨਹੀਂ। ਉਹਨੇ ਝੱਲ ਨਹੀਂ ਖਿਲਾਰਿਆ, ਜ਼ਾਰ ਜ਼ਾਰ ਰੋਈ ਨਹੀਂ, ਜਾਂ ਉਸਨੇ ਕਾਹਲੀ ਵਿਚ ਕੰਮ ਨਹੀਂ ਕੀਤਾ।'' ਅਸਤਰ ਨੇ ''ਸ਼ਾਂਤੀ ਅਤੇ ਧੀਰਜ ਦੀ ਸ਼ਾਨਦਾਰ ਮਿਸਾਲ'' ਪੇਸ਼ ਕੀਤੀ।[27]

**ਭਲਾ ਤੁਸੀਂ ਆਪਣੀਆਂ ਬਰਕਤਾਂ ਨੂੰ ਵੇਖ ਸਕਦੇ ਹੋ? (5:9-14)**

ਕੈਰੀ ਏ. ਮੂਰ ਨੇ ਤੁਲਨਾਤਮਕ ਤੌਰ ਤੇ ਇਕ ਮਾਮੂਲੀ ਜਿਹੇ ਖਿਝ ਚੜ੍ਹਾਉਣ ਵਾਲੇ ਦੇ ਕਾਰਣ ਆਪਣੀਆਂ ਵੱਡੀਆਂ ਬਰਕਤਾਂ ਵਿਚ ਹਾਮਾਨ ਦੀ ਬੇਚੈਨੀ ਤੇ ਟਿੱਪਣੀ ਕੀਤੀ। ਉਸਨੇ ਲਿਖਿਆ, ''ਜਿਵੇਂ ਅੱਖ ਦੇ ਬਿਲਕੁਲ ਕੋਲ ਰੱਖਿਆ ਇਕ ਛੋਟਾ ਜਿਹਾ ਸਿੱਕਾ ਸੂਰਜ ਦੀ ਸਮੁੱਚਤਾ ਨੂੰ ਰੋਕ ਸਕਦਾ ਹੈ ਉਵੇਂ ਹੀ ਬਦਲਾ ਲੈਣ ਲਈ ਹਾਮਾਨ ਦੇ ਧਿਆਨ ਲਾਈ ਰੱਖਣ ਨੇ ਉਹਦੇ ਲਈ ਉਹਦੀਆਂ ਸਾਰੀਆਂ ਬਰਕਤਾਂ ਨੂੰ ਰੋਕ ਦਿੱਤਾ।''[28] ਕਲੇਟਨ ਵਿੰਟਰਜ਼ ਨੇ ਦੱਸਿਆ ਹੈ ਕਿ ਕਿਵੇਂ ''ਖਾਰ ਅਤੇ ਘਮੰਡ [ਹਾਮਾਨ ਦੀ] ਜ਼ਿੰਦਗੀ ਵਿੱਚੋਂ ਖੁਸ਼ੀ ਨੂੰ ਢਾਹ ਲਾ ਰਹੇ ਸਨ। ਉਹਦੇ ਕੋਲ ਐਨਾ ਕੁਝ ਸੀ ਅਤੇ ਐਨੀ ਥੋੜ੍ਹੇ ਦੀ ਘਾਟ ਸੀ; ਫਿਰ ਵੀ ਉਹਦੀ ਪੂਰੀ ਸ਼ਖ਼ਸੀਅਤ ਉੱਤੇ ਉਹ ਥੋੜ੍ਹਾ ਹਾਵੀ ਹੋ ਗਿਆ। ਇਸ ਵਿਚ ਉਹ ਇਕ ਆਮ ਇਨਸਾਨ ਨੂੰ ਵਿਖਾਉਂਦਾ ਹੈ, ਪਰ ਬਹੁਤ ਗਲਤ, ਖੂਬੀ ਨੂੰ ਵਿਖਾਉਂਦਾ ਹੈ।''[29]

ਸਾਡੇ ਵਾਸਤੇ ਹਾਮਾਨ ਦਾ ਵਤੀਰਾ ਅਜੀਬ ਅਤੇ ਬੇਤੁਕਾ ਲਗ ਸਕਦਾ ਹੈ, ਪਰ ਸਾਨੂੰ ਹਾਮਾਨ ਨੂੰ ਗਲਤ ਠਹਿਰਾਉਣ ਤੋਂ ਪਹਿਲਾਂ ਆਪਣੇ ਅੰਦਰ ਨੇੜਿਉਂ ਝਾਕ ਲੈਣਾ ਜ਼ਰੂਰੀ ਹੋ ਸਕਦਾ ਹੈ। ਭਲਾ ਅਸੀਂ ਕਈ ਵਾਰ ਇਸੇ ਤਰ੍ਹਾਂ ਦਾ ਵਿਹਾਰ ਵਿਖਾਉਂਦੇ ਹਾਂ? ਸ਼ਾਇਦ ਸਾਡੇ ਲਈ ਬਹੁਤ ਸਾਰੀਆਂ ਚੀਜ਼ਾਂ ਠੀਕ ਚੱਲ ਰਹੀਆਂ ਹੁੰਦੀਆਂ ਹਨ, ਪਰ ਜਦ ਇਕ ਚੀਜ਼ ਗਲਤ ਹੋ ਜਾਂਦੀ ਹੈ ਤਾਂ ਦੁਨੀਆਂ ਹੀ ਉਲਟ ਲੱਗਣ ਲਗਦੀ ਹੈ। ਭਲਾ ਅਸੀਂ ਕਦੇ ਆਪਣੀਆਂ ਬਰਕਤਾਂ ਨੂੰ ਭੁੱਲ ਜਾਂਦੇ ਹਾਂ, ਜਦ ਕਿ ਉਸ ਦੀ ਤੁਲਨਾ ਵਿਚ ਮਾਮੂਲੀ ਜਿਹੀ ਮੁਸ਼ਕਿਲ ਤੇ ਦੁਖੀ ਹੋ ਜਾਂਦੇ ਹਾਂ?

ਆਪਣਾ ਦਿਮਾਗ਼ ਆਪਣੀਆਂ ਮੁਸ਼ਕਿਲਾਂ ਤੋਂ ਹਟਾ ਕੇ ਆਪਣੀਆਂ ਬਰਕਤਾਂ ਨੂੰ ਯਾਦ ਕਰਨਾ ਐਨਾ ਆਸਾਨ ਨਹੀਂ ਹੈ। ਜਿਵੇ ਮੇਰੀ ਪਤਨੀ ਕਈ ਵਾਰ ਆਖਦੀ ਹੈ, ''ਜਦ ਤੁਹਾਡੇ ਦੰਦ ਦਰਦ ਹੋ ਰਹੀ ਹੋਵੇ ਤਾਂ ਹੋਰ ਕੁਝ ਵੀ ਸੋਚਣਾ ਮੁਸ਼ਕਿਲ ਹੁੰਦਾ ਹੈ।'' ਫਿਰ ਵੀ, ਜਦ ਕੁਝ ਬੁਰਾ ਹੁੰਦਾ ਹੈ ਤਾਂ ਵੀ ਅਸੀਂ ਆਪਣੀਆਂ ਬਰਕਤਾਂ ਨੂੰ ਗਿਣਦੇ ਹੋਏ ਉਸ ਉੱਤੇ ਧਿਆਨ ਲਾਈ ਰੱਖੀਏ ਜਿਹੜਾ ਸਭ ਤੋਂ ਮਹੱਤਵਪੂਰਣ ਹੈ। ਸਾਨੂੰ ਉਸ ਗੱਲ ਨੂੰ ਯਾਦ ਰੱਖਣਾ ਚਾਹੀਦਾ ਹੈ ਜਿਹੜੀ ਪੌਲੁਸ ਨੇ ਲਿਖੀ ਕਿ ''ਹਰ ਹਾਲ ਵਿਚ ਧੰਨਵਾਦ ਕਰੋ'' (1 ਥੱਸਲੁਨੀਕੀਆਂ 5:18)।

**ਘਮੰਡ ਦੀ ਕੀਮਤ (5:10-12)**

ਅੱਖੜ ਲੋਕਾਂ ਨੂੰ ਆਪਣੇ ਘਮੰਡ ਦੀ ਉੱਚੀ ਕੀਮਤ ਦੇਣੀ ਪੈ ਸਕਦੀ ਹੈ। ਕਹਾਉਤਾਂ 16:18 ਤੇ ਵਿਚਾਰ ਕੀਤੇ ਬਗ਼ੈਰ ਅਸੀਂ ਆਪਣੀਆਂ ਸਾਰੀਆਂ ਪ੍ਰਾਪਤੀਆਂ ਤੇ ਹਾਮਾਨ ਦੇ ਘਮੰਡ ਬਾਰੇ ਨਹੀਂ ਪੜ੍ਹ ਸਕਦੇ: ''ਨਾਸ ਤੋਂ ਪਹਿਲਾਂ ਹੰਕਾਰ ਅਤੇ ਡਿੱਗਣ ਤੋਂ ਪਹਿਲਾਂ ਘੁਮੰਡੀ ਰੂਹ ਹੁੰਦੀ ਹੈ।'' ਹਾਮਾਨ ਇਸ ਦੀ ਇਕ ਸ਼ਾਨਦਾਰ ਮਿਸਾਲ ਹੈ ਕਿ ਘਮੰਡੀ ਵਿਅਕਤੀ ਕਿਵੇਂ ਹਲੀਮ ਹੋ ਸਕਦਾ ਹੈ। ਦਾਨੀਏਲ 4:30–37 ਵਿਚ ਨਬੂਕਦਨੱਸਰ ਇਸੇ ਤਰ੍ਹਾਂ ਦੀ ਇਕ ਹੋਰ ਮਿਸਾਲ ਹੈ। ਆਇਤ 37 ਵਿਚ ਅਸੀਂ ਪੜ੍ਹਦੇ ਹਾਂ ਕਿ ਖ਼ੁਦਾ ''ਆਪਣੇ ਸਭਨਾਂ ਕੰਮਾਂ ਵਿਚ ਸਤ ਤੇ ਆਪਣੇ ਸਾਰੇ ਰਾਹਾਂ ਵਿਚ ਨਿਆਉਂਕਾਰ ਹੈ ਅਤੇ ਜਿਹੜੇ ਘੁਮੰਡ ਨਾਲ ਚੱਲਦੇ ਹਨ ਉਨ੍ਹਾਂ ਨੂੰ ਨੀਵਾਂ ਕਰ ਸਕਦਾ ਹੈ!'' ਇਕ ਹੋਰ ਮਿਸਾਲ ਹੇਰੋਦੇਸ ਦੀ ਹੈ, ਜਿਹਨੇ ਆਪਣੀ ਪੂਜਾ ਦੇਵਤੇ ਦੇ ਰੂਪ ਵਿਚ ਕੀਤੇ ਜਾਣ ਦਿੱਤੀ ਅਤੇ ਉਹ ''ਕੀੜੇ ਪੈ ਕੇ ਮਰ ਗਿਆ'' (ਕਰਤੱਬ 12:22, 23)। ਸਾਨੂੰ ਯਾਕੂਬ ਦੇ ਸ਼ਬਦ ਯਾਦ ਰੱਖਣੇ ਚਾਹੀਦੇ ਹਨ: ''ਪਰ ਉਹ ਹੋਰ ਭੀ ਕਿਰਪਾ ਕਰਦਾ ਹੈ ਇਸ ਕਾਰਣ ਉਹ ਕਹਿੰਦਾ ਹੈ ਭਈ ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ'' (ਯਾਕੂਬ 4:6); ''ਪ੍ਰਭੂ ਦੇ ਅੱਗੇ ਨੀਵੇਂ ਬਣੋ ਤਾਂ ਉਹ ਤੁਹਾਨੂੰ ਉਚਿਆਂ ਕਰੇਗਾ'' (ਯਾਕੂਬ 4:10)।

ਟਿੱਪਣੀਆਂ

[1]*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ,* ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ਼੍ਰੈਂਕ ਈ. ਗੇਬਲਾਇਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988), 819 ਵਿਚ ਐੱਫ਼. ਬੀ. ਹੁਏ, ਜੂਨੀਅਰ, ''ਅਸਤਰ।'' [2]ਸੀ. ਐੱਫ਼. ਕੇਲ, *ਦ ਬੁਕਸ ਆਫ਼ ਅਸਤਰ, ਨਹਮਯਾਹ, ਐਂਡ ਅਸਤਰ,* ਅਨੁ. ਸੋਫ਼ੀਆ ਟੇਅਲਰ, ਬਿਬਲੀਕਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., ਮਿਤੀ ਰਹਿਤ), 355. [3]ਕੈਰੀ ਏ. ਮੂਰ, *ਅਸਤਰ,* ਦ ਐਂਕਰ ਬਾਈਬਲ, ਜਿਲਦ 7ਬੀ (ਨਿਊ ਯਾਰਕ: ਡਬਲਡੇਅ ਐਂਡ ਕੰ., 1971), 57. [4]ਆਇਤ 1 ਦੇ ਮਗਰਲੇ ਹਿੱਸੇ ਦਾ ਅਨੁਵਾਦ ਮੁਸ਼ਕਿਲ ਹੈ ਕਿਉਂ ਜੋ ਉਹ ਇਬਰਾਨੀ ਸ਼ਬਦ ਜਿਸ ਦਾ ਮੂਲ ਅਰਥ ''ਘਰ'' (***bayith***, *ਬਾਇਥ*) ਹੈ ਜਿਸ ਦਾ ਅਨੁਵਾਦ NASB ''ਮਹਿਲ'' ਅਤੇ ''ਦਰਬਾਰ'' ਕੀਤਾ ਗਿਆ ਹੈ। ਫਿਰ ਵੀ ਪੰਜਾਬੀ ਸਹਿਤ ਕਈ ਸੰਸਕਣਾਂ ਵਿਚ ਇਸਦਾ ਅਰਥ ਸਾਫ਼ ਕੀਤਾ ਗਿਆ ਹੈ (NIV; TEV; NCV; CEV; NLT)। [5]ਅਸਤਰ ਵਿਚਲੇ ਅਪੋਕ੍ਰਿਫ਼ਾ ਦੇ ਵਧਾਵਾਂ ਵਿਚ ਕਾਫ਼ੀ ਲੰਮੀ ਚੌੜੀ ਵਿਆਖਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਪਾਤਸ਼ਾਹ ਨੇ ਪਹਿਲਾਂ ਅਤਸਰ ਵੱਲ ''ਬੜੇ ਗੁੱਸੇ ਵਿਚ'' ਵੇਖਿਆ ਅਤੇ ਉਹ ਡਰ ਨਾਲ ਸਹਿਮ ਗਈ ਫਿਰ ਕਿਹਾ ਗਿਆ ਹੈ, ''ਖੁਦਾ ਨੇ ਬਾਦਸ਼ਾਹ ਦਾ ਮਨ ਬਦਲ ਕੇ ਨਰਮ ਕਰ ਦਿੱਤਾ,'' ''ਜਿਸ ਕਰਕੇ ਉਹ ਤਖ਼ਤ ਤੋਂ ਉਛਲਿਆ,'' ''ਉਸ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ'' ਅਤੇ ''ਤਸੱਲੀ ਦੇਣ ਵਾਲੀਆਂ ਗੱਲਾਂ ਕਰਕੇ ਉਹ ਨੂੰ ਤਸੱਲੀ ਦਿੱਤੀ'' (ਵਧਾਅ 15:7, 8)। ਪਰ ਇਹ ਨਾਟਕੀ ਸ਼ਬਦ ਇਲਹਾਮ ਨਾਲ ਦਿੱਤੀ ਇਬਰਾਨੀ ਮੂਲ ਲਿਖਤ ਦਾ ਹਿੱਸਾ ਨਹੀਂ ਹੈ। [6]ਉਸਨੇ ਫੇਰ ਉਸ ਖ਼ੂਬਸੂਰਤੀ ਨੂੰ ਵੇਖਿਆ ਜਿਹਨੇ ਪਹਿਲੀ ਨਜ਼ਰੇ ਉਹਦਾ ਦਿਲ ਲੁੱਟ ਲਿਆ ਸੀ। [7]ਮਾਰਕ ਮੈਂਗੇਨੋ, *ਅਸਤਰ ਐਂਡ ਦਾਨੀਏਲ,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 79. [8]*ਜ਼ੌਂਡਰਵਨ ਇਲਸੱਟ੍ਰੇਟਡ ਬਾਈਬਲ ਬੈਕਗ੍ਰਾਉਂਡ ਕਮੈਂਟਰੀ*, ਜਿਲਦ 3, *1 ਐਂਡ 2 ਰਾਜਿਆਂ, 1 ਐਂਡ 2 ਇਤਹਾਸ, ਅਸਤਰ, ਨਹਮਯਾਹ, ਅਸਤਰ*, ਸੰਪਾ. ਜੌਨ ਐੱਚ. ਵਾਲਟਨ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2009), 491 ਵਿਚ ਐਂਥਨੀ ਟੋਮਾਸੀਨੋ, ''ਅਸਤਰ।'' [9]ਮਾਈਕਲ ਵੀ. ਫ਼ੌਕਸ, *ਕਰੈਕਟਰ ਐਂਡ ਆਈਡਿਓਲੋਜੀ ਇਨ ਦ ਬੁਕ ਆਫ਼ ਅਸਤਰ*, ਜਿਲਦ 2ਜੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 2001), 68. [10]ਜੋਇਸ ਜੀ. ਬਾਲਡਵਿਨ, *ਅਸਤਰ,* ਦ ਟਿੰਡੇਲ ਓਲਡ ਟੈਸਮਟਾਮੈਂਟ ਕਮੈਂਟਰੀ (ਡਾਉਨਰਜ਼ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1984), 86.

[11]ਕਾਰੋਲ ਐੱਮ. ਬੈਚਟੇਲ, *ਅਸਤਰ,* ਇੰਟਰਪ੍ਰੇਟਸ਼ਨ (ਲੂਇਸਵਿਲ: ਜੌਨ ਨੌਕਸ ਪ੍ਰੈੱਸ, 2002), 52. [12]ਟਾਲਮੁਡ *ਮੇਗੀਲਾਹ* 15ਅ; ਫ਼ੌਕਸ ਦੇ ਅਨੁਸਾਰ, 72. [13]ਫ਼ੌਕਸ, 71–72. [14]ਬੇਚਟਲ, 53. [15]ਲਿੰਡਾ ਡੇ, *ਅਸਤਰ,* ਅਬਿੰਗਡਨ ਓਲਡ ਟੈਸਟਾਮੈਂਟ ਕਮੈਂਟਰੀਜ਼ (ਨੈਸ਼ਵਿਲ: ਅਬਿੰਗਡਨ ਪ੍ਰੈੱਸ, 2005), 99–100. [16]ਮੂਰ, 59. [17]ਅਡੇਲੇ ਬਰਲਿਨ, *ਅਸਤਰ,* ਦ ਜੇਪੀਐਸ ਬਾਈਬਲ ਕਮੈਂਟਰੀ (ਫ਼ਿਲਾਡੈਲਫ਼ੀਆ: ਜਿਉਇਸ਼ ਪਬਲੀਕੇਸ਼ਨ ਸੋਸਾਇਟੀ, 2001), 55. [18]ਜੇ. ਜੀ. ਮੈਕੋਨਵਿਲ ਨੇ ਟਿੱਪਣੀ ਕੀਤੀ ਕਿ ''ਇਨ੍ਹਾਂ ਆਇਤਾਂ ਵਿਚ ਹਾਮਾਨ ਦੇ ਅਚਾਨਕ ਅਨੰਦ ਤੋਂ ਡ ਹਿੱਸੇ ਵਿਚ ਬਦਲਣ ਦਾ ਨਾਟਕੀ ਤੱਥਾਂ ਦੀ ਕੋਈ ਗੱਲ ਹੈ ਜੋ ਅਗਲੇ ਅਧਿਆਇ ਵਿਚ ਹੋਰ ਦੱਸੀ ਜਾਵੇਗੀ'' (ਜੇ. ਜੀ. ਮੈਕੋਨਵਿਲ, *ਅਸਤਰ, ਨਹਮਯਾਹ, ਐਂਡ ਅਸਤਰ,* ਦ ਡੇਅਲੀ ਸਟੱਡੀ ਬਾਈਬਲ ਸੀਰੀਜ਼ [ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1985], 177)। [19]ਟਾਲਮੁਡ *ਮੇਗਿਲਾਹ* 15ਅ. [20]ਹੇਰੋਡੋਟੁਸ *ਹਿਸਟਰੀਜ਼* 1.136.

[21]ਇਸੇ ਤਰ੍ਹਾਂ ਨਵੇਂ ਨੇਮ ਵਿਚ, ''ਰੁੱਖ'' ਜਾਂ ''ਲੱਕੜ'' ਲਈ ਯੂਨਾਨੀ ਸ਼ਬਦ (***xulon***, *ਜ਼ੁਲੋਨ*) ਦੀ ਵਰਤੋਂ ''ਸਲੀਬ'' ਦੇ ਸਬੰਧ ਵਿਚ ਕੀਤੀ ਗਈ ਹੈ (ਕਰਤੱਬ 5:30; 10:39; 13:29; ਗਲਾਤੀਆਂ 3:13; 1 ਪਤਰਸ 2:24)। [22]ਕਰੇਨ ਐੱਚ. ਜੋਬਸ, *ਅਸਤਰ,* ਦ NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 1999), 166. ਫ਼ਾਰਸੀਆਂ ਵੱਲੋਂ ਸੂਲੀ ਦੀ ਸਜ਼ਾ ਦਾ ਜ਼ਿਕਰ ਹੇਰੋਦੋਤਸ

*ਹਿਸਟਰੀਜ਼* 1.128; 3.125, 132, 159; 4.43; 6.30 ਵਿਚ ਮਿਲਦਾ ਹੈ।[23]2 ਮੱਕਾਬੀਆਂ 15:35 ਨਾਲ ਮਿਲਾਓ, ਜਿੱਥੇ ਇਕ ਦੁਸ਼ਮਣ ਦਾ ਸਿਰ ਯਰੂਸ਼ਲਮ ਵਿਚ ਕਿਲੇ ਤੋਂ ਸਭ ਦੇ ਵੇਖਣ ਲਈ ਰੱਖਿਆ ਗਿਆ ਸੀ।[24]ਜੇਮਸ ਬਰਟਨ ਕੌਫ਼ਮੈਨ ਐਂਡ ਥੇਲਮਾ ਬੀ. ਕੌਫ਼ਮੈਨ, *ਕਮੈਂਟਰੀ ਆਨ ਅਸਤਰ, ਨਹਮਯਾਹ ਐਂਡ ਅਸਤਰ* (ਅਬਿਲੇਨ, ਟੈਕਸਸ: ਏਸੀਯੂ ਪ੍ਰੈੱਸ, 1993), 290. [25]*ਟੈਨਿਸਨ: ਰੀਪ੍ਰੇਜ਼ੇਟਿਟਵ ਪੋਇਮਸ*, ਸਲੈਕਟਿਡ ਅਤੇ ਸੰਪਾਦਕ ਸੈਮੁਏਲ ਸੀ. ਚੇਅ (ਨਿਊ ਯਾਰਕ: ਓਡੀਸੀ ਪ੍ਰੈੱਸ, 1941), 50–51 ਵਿਚ ਐਲਫਰੇਡ ਟੈਨਿਸਨ, ''ਚਾਰਜ ਆਫ਼ ਦ ਲਾਈਟ ਬ੍ਰਿਗੇਡ।'' [26]ਚਾਰਲਸ ਡਿਕਨਜ਼, *ਏ ਟੇਲ ਆਫ਼ ਟੂ ਸਿਟੀ* (ਨਿਊ ਯਾਰਕ: ਮਾਡਰਨ ਲਾਇਬ੍ਰੇਰੀ, ਰੈਂਡਮ ਹਾਊਸ, 1992), 482. [27]ਚਾਰਲਸ ਆਰ. ਸਵਿੰਡਲ ਐਂਡ ਕੇਨ ਗਇਰ, *ਅਸਤਰ–ਏ ਵੂਮਨ ਫੋਰ ਸਚ ਏ ਟਾਈਮ ਐਜ਼ ਦਿਸ*, ਬਾਈਬਲ ਸਟੱਡੀ ਗਾਈਡ (ਫੁੱਲਰਟਨ, ਕੈਲਿਫੋਰਨੀਆ: ਇਨਸਾਈਟ ਫ਼ਾਰ ਲਿਵਿੰਗ, 1990), 50–51.